# ਹੰਸਤੀ ਦੁਨੀਆ

Hansti Duniya (Punjabi)
Vol. 42 No. 02
February 2018

₹15/-



# ਹੰਸਤੀ ਦੁਨੀਆ

Vol. 42 • ਅੰਕ : 02 • ਫਰਵਰੀ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

C.L. Gulati,
Member Incharge Magazine

Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

*Chief Editor :*
*Harjeet Nishad*

*Editor (Honorary)*
Sulekh Singh 'Sathi'



Email: editorial@nirankari.org

Ph.: 011-47660200
Fax: 011-27608215
Website: http//www.nirankari.org
kids.nirankari.org



## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

Other Countries
Equivalent to U.S. Dollars as mentioned above.



ਸਭ ਤੋਂ ਪਹਿਲਾਂ

## ਪੜਾਈ ਵੀ ਸਫ਼ਾਈ ਵੀ

4






## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46

















## ਕਹਾਣੀਆਂ


ਅਨੋਖਾ ਬਦਲਾ
– ਅਮਰਜੀਤ ਚੰਦਰ 6
ਕਿਤਾਬ ਰੋ ਪਈ
– ਅਮਨਪ੍ਰੀਤ ਸਿੰਘ 11
ਕਰ ਦਿਉ ਖੁਸ਼ ਪਾਪਾ ਨੂੰ
– ਘਨਸ਼ਿਆਮ 14
ਜੀਵਨ ਵਿਚ ਮਿਠਾਸ ਘੋਲੋ
– ਈਲੂ ਰਾਣੀ 18
ਕਾਂ ਦੇ ਪ੍ਰਸ਼ਨ ...
– ਰੂਪਨਾਰਾਇਣ 24
ਕਾਂ ਅਤੇ ਕਬੂਤਰ
– ਮਹਿੰਦਰ ਸਿੰਘ 28
ਅਨੋਖਾ ਘੁੜਸਵਾਰ
– ਰਾਮਕੁਮਾਰ 32
ਮੋਤੀਆਂ ਦਾ ਹਾਰ
– ਜਸਵਿੰਦਰ ਸ਼ਾਇਰ 36
ਰੱਬ ਨਾਲ ਮੁਲਾਕਾਤ
– ਸੁਸ਼ਮਾ 44


## ਗੀਤ-ਕਵਿਤਾਵਾਂ


ਸਦਾ ਵੰਡੋ ਹਾਸੇ ਅਤੇ ਪਿਆਰ
– ਤਿਲਕ ਰਾਜ ਰਾਜੂ 5
ਮਿਲਜੁਲ ਸਾਰੇ ਆਉ ...
– ਸੁਰਿੰਦਰ ਰੰਧਾਵਾ 09
ਸਾਡੇ ਵਿਹੜੇ ਜਾਮੁਨ ਦਾ ਰੁੱਖ
– ਬਲਵਿੰਦਰ ਬਾਲਮ 13
ਖੱਟੇ ਅੰਗੂਰ
– ਰਣਜੀਤ ਆਜ਼ਾਦ 26
ਬਚਪਨ
– ਪ੍ਰਿਤਪਾਲ ਢਿੱਲੋਂ 30
ਕਦੇ-ਕਦੇ ਸ਼ੋਰ ਮਚਾਉਂਦੇ ਹਾਂ
– ਪਰਸ਼ੂਰਾਮ ਸ਼ੁਕਲ 34
ਗੁਰਮੁਖੀ ਅੱਖਰਮਾਲਾ ...
– ਸਤਪਾਲ ਸਾਹਲੋਂ 40


## ਵਿਸ਼ੇਸ਼ ਲੇਖ


ਇਕ ਅਜੀਬ ਜੀਵ ਹੈ ਬਿੱਛੂ
– ਡਾ.ਕੇ.ਪੀ.ਸਿੰਘ 08
ਪਹਿਲਾ ਵਰਲਡ ਟ੍ਰੇਡ ਫੇਅਰ
– ਰਮੇਸ਼ ਵਰਮਾ 12
ਮੁਆਫੀ ਮੰਗਣਾ ਤੇ ਮੁਆਫ ਕਰਨਾ
– ਅਮਰਜੀਤ ਬਰਾੜ 25
ਕਿਉਂ ਅਤੇ ਕਿਵੇਂ...ਭੂਚਾਲ
– ਜੁਝਾਰ ਖੁਸ਼ਦਿਲ 31
ਇੰਡੀਅਨ ਨੈਸ਼ਨਲ ਆਰਮੀ
– ਸੁਨੀਲ ਨਾਗਪਾਲ 35
ਵਾਤਾਵਰਨ ਕੀ ਹੁੰਦਾ ਹੈ
– ਡਾ. ਅਮਰਜੋਤ ਸਿੰਘ 39
ਅਨਾਰ ਵਿਚ ਹਨ ਗੁਣ ਹਜ਼ਾਰ
– ਵਿਭਾ ਵਰਮਾ 43
ਮੁਰਗੀ ਵੀ ਆਪਣਾ ਰੰਗ ਬਦਲਦੀ ਹੈ
– ਕਿਰਨ ਬਾਲਾ 45

## ਸਭ ਤੋਂ ਪਹਿਲਾਂ

# ਪੜਾਈ ਵੀ ਸਫ਼ਾਈ ਵੀ

ਪਿਆਰੇ ਬੱਚਿਓ ! ਫਰਵਰੀ ਦਾ ਮਹੀਨਾ ਆ ਗਿਆ ਹੈ। ਇਸ ਨੂੰ ਬਹਾਰਾਂ ਦਾ ਮਹੀਨਾ ਜਾਂ ਗੁਲਜ਼ਾਰ ਦਾ ਮਹੀਨਾ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਪਤਝੜ ਦੀ ਰੁੱਤੇ ਦਰੱਖਤਾਂ ਦੇ ਜੋ ਪੱਤੇ ਸੁੱਕ ਕੇ ਡਿੱਗ ਜਾਂਦੇ ਹਨ, ਬਸੰਤ ਦੇ ਮਹੀਨੇ ਉਹ ਮੁੜ ਪੁੰਗਰਨ ਲਗਦੇ ਹਨ ਅਤੇ ਹਰਿਆਲੀ ਚਾਰੇ ਪਾਸੇ ਨਜ਼ਰ ਆਉਣੀ ਸ਼ੁਰੂ ਹੋ ਜਾਂਦੀ ਹੈ। ਦਸੰਬਰ ਅਤੇ ਜਨਵਰੀ ਦੀ ਠੰਡ ਵੀ ਇਸ ਮਹੀਨੇ ਮੁੜਨ ਲਗਦੀ ਹੈ। ਅਖਾਣ ਵੀ ਹੈ- ਆਇਆ ਬਸੰਤ ਪਾਲਾ ਉਡੰਤ।'' ਭਾਵ ਬਸੰਤ ਰੁੱਤ ਅਰੰਭ ਹੁੰਦਿਆਂ ਹੀ ਪਾਲਾ ਮੁੱਕਣ ਲਗਦਾ ਹੈ।

ਇਕ ਹੋਰ ਖਾਸ ਗੱਲ ! ਫਰਵਰੀ ਸਾਨੂੰ ਅੱਗੇ ਵੱਧਣ ਲਈ ਮਿਹਨਤ ਕਰਨ ਦਾ ਸੰਕੇਤ ਵੀ ਦਿੰਦੀ ਹੈ। ਮਾਰਚ ਮਹੀਨੇ ਵਿਚ ਹੋਣ ਵਾਲੀਆਂ ਸਾਲਾਨਾ ਪ੍ਰੀਖਿਆਵਾਂ ਦੀ ਤਿਆਰੀ ਕਰਨ ਦਾ ਵੀ ਇਹੀ ਸਮਾਂ ਹੁੰਦਾ ਹੈ। ਇਸ ਲਈ ਅਸੀਂ ਅਪਣੀ ਪੜਾਈ ਵੱਲ ਪੂਰਾ ਧਿਆਨ ਦਿੰਦੇ ਹੋਏ ਸਾਲਾਨਾ ਇਮਤਿਹਾਨਾਂ ਦੀ ਤਿਆਰੀ ਵੀ ਜ਼ੋਰ-ਸ਼ੋਰ ਨਾਲ ਅਰੰਭ ਕਰ ਦੇਣੀ ਹੈ ਤਾਂਕਿ ਪੂਰੇ ਸਾਲ ਦੀ ਮਿਹਨਤ ਰੰਗ ਲਿਆਏ ਅਤੇ ਅਸੀਂ ਬਿਨਾ ਕਿਸੇ ਡਰ ਜਾਂ ਭੈਅ ਦੇ ਅਗਲੀਆਂ ਕਲਾਸਾਂ ਵਿਚ ਜਾਣ ਲਈ ਤਿਆਰ ਹੋ ਸਕੀਏ।

ਪਿਆਰੇ ਬੱਚਿਓ ! ਫਰਵਰੀ ਮਹੀਨੇ ਵਿਚ ਯੁਗਦ੍ਰਿਸ਼ਟਾ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦਾ ਪਾਵਨ ਜਨਮ ਦਿਵਸ ਵੀ ਆਉਂਦਾ ਹੈ 23 ਫਰਵਰੀ। ਇਸ ਦਿਨ ਨੂੰ ਸਾਲਾਂ-ਸਾਲ ਤੋਂ ਸਫ਼ਾਈ ਅਭਿਆਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਕਿਉਂਕਿ ਉਨ੍ਹਾਂ ਕਿਹਾ ਸੀ ਕਿ ''ਪ੍ਰਦੂਸ਼ਣ ਅੰਦਰ ਦਾ ਹੋਵੇ ਜਾਂ ਬਾਹਰ ਦਾ, ਦੋਵੇਂ ਹੀ ਹਾਨੀਕਾਰਕ ਹਨ'' ਅਤੇ ''ਅਸੀਂ ਅਪਣੇ ਮਨਾਂ ਦੀ ਪਵਿੱਤਰਤਾ ਦੇ ਨਾਲ ਬਾਹਰ ਦੀ ਗੰਦਗੀ ਤੋਂ ਵੀ ਨਿਜਾਤ ਪਾਉਣੀ ਹੈ,'' ਇਸ ਲਈ ਅਸੀਂ ਵੀ ਇਸ ਦਿਨ ਅਪਣੀਆਂ ਕਲਾਸਾਂ, ਅਪਣੇ ਸਕੂਲ, ਅਪਣੇ ਗਲੀ-ਮੁਹੱਲੇ ਅਤੇ ਆਸ-ਪਾਸ ਦੀ ਚੰਗੀ ਤਰ੍ਹਾਂ ਸਾਫ਼-ਸਫ਼ਾਈ ਕਰਕੇ ਉਸ ਨੂੰ ਸੁੰਦਰ ਰੂਪ ਦੇਣ ਦਾ ਜਤਨ ਕਰਨਾ ਹੈ। ਇਸ ਤਰ੍ਹਾਂ ਕਰਕੇ ਅਸੀ ਅਪਣੇ ਪ੍ਰਧਾਨ ਮੰਤਰੀ ਰਾਹੀਂ ਉਲੀਕੇ 'ਸਵੱਛ ਭਾਰਤ ਅਭਿਯਾਨ' ਵਿਚ ਵੀ ਅਪਣਾ ਯੋਗਦਾਨ ਪਾ ਸਕਣ ਵਿਚ ਸਫਲ ਹੋ ਸਕਾਂਗੇ।

ਸੋ ਬੱਚਿਓ ! ਅਸੀਂ ਪੜਨਾ ਵੀ ਖੂਬ ਦਿਲ ਲਾ ਕੇ ਹੈ ਅਤੇ ਸਫ਼ਾਈ ਵੀ ਕਰਨੀ ਹੈ ਮਿਲ ਜੁਲ ਕੇ।

✍ ਸੁਲੇਖ 'ਸਾਥੀ'
ssathi_2007@yahoo.com





# ਸਦਾ ਵੰਡੋ ਹਾਸੇ ਅਤੇ ਪਿਆਰ

ਫੁੱਲਾਂ ਵਾਂਗ ਖਿੜੀ ਗੁਲਜ਼ਾਰ ਬੱਚਿਉ।
ਸਦਾ ਵੰਡੋ ਹਾਸੇ ਅਤੇ ਪਿਆਰ ਬੱਚਿਉ।


ਸਭ ਦਾ ਹੀ ਅਦਬ ਸਤਿਕਾਰ ਕਰਨਾ।
ਛੋਟੇ ਵੱਡਿਆਂ ਨੂੰ ਨਮਸ਼ਕਾਰ ਕਰਨਾ।
ਤਾਂ ਹੀ ਹੋਊ ਜੀਵਨ ਸੁਧਾਰ ਬੱਚਿਉ।
ਸਦਾ ਵੰਡੋ ...

ਆਸਾ-ਪਾਸਾ ਆਪਣਾ ਰੱਖੋ ਸਦਾ ਸਾਫ।
ਸਭ ਨੂੰ ਸਮਝਾ ਦੇਵੋ ਇਹੋ ਇਕ ਬਾਤ।
ਕਰੋ ਪਾਣੀ ਦੀ ਵਰਤੋ ਧਿਆਨ ਨਾਲ ਬੱਚਿਉ
ਸਦਾ ਵੰਡੋ ...

ਸਾਡੇ ਵਡੇਰਿਆਂ ਜੋ ਪ੍ਰੀਤਾਂ ਹਨ ਪਾਈਆਂ।
ਚੱਲਣਾ ਉਹਨਾਂ ਤੇ ਲੱਖ ਆਉਣ
ਕਠਿਨਾਈਆਂ।
ਸ਼ਹੀਦਾਂ ਦੀ ਹੋ ਤੁਸੀਂ ਸੰਤਾਨ ਬੱਚਿਉ,
ਸਦਾ ਵੰਡੋ ...

ਮੰਮੀ ਨੂੰ ਕਹੋ ਛੋਟੀ ਜਿਹੀ ਗੋਲਕ ਲਿਆ
ਦੇ।
ਤਾਂਕਿ ਤੁਹਾਨੂੰ ਆਦਤ ਬਚਤ ਦੀ ਪੈ ਜਾਏ।
ਔਖੇ ਵੇਲੇ ਬਚਤ ਦਿੰਦੀ ਕੰਮ ਸਾਰ ਬੱਚਿਉ,
ਸਦਾ ਵੰਡੋ...

ਵਿਹਲੇ ਬਹਿ ਕੇ ਐਵੇ ਸਮਾਂ ਨਾ ਗਵਾਉ।
'ਤਿਲਕ' ਪੜ੍ਹੋ-ਲਿਖੋ ਅੱਗੇ ਵਧਦੇ ਜਾਉ।
ਲੈਣਾ ਦੇਸ਼ ਦੇ ਭਵਿੱਖ ਨੂੰ ਸੰਭਾਲ ਬੱਚਿਉ,
ਸਦਾ ਵੰਡੋ ...



❑ ਅਮਰਜੀਤ ਚੰਦਰ

# ਅਨੋਖਾ ਬਦਲਾ

**ਅਕਬਰ** ਬਾਦਸ਼ਾਹ ਦਾ ਜ਼ਮਾਨਾ ਸੀ। ਸਾਧੂਆਂ ਦੀ ਇੱਕ ਟੋਲੀ ਹਰੀ-ਕੀਰਤਨ ਕਰਦੀ ਘੁੰਮ ਰਹੀ ਸੀ। ਘੁੰਮਦੇ-ਘੁੰਮਦੇ ਉਹ ਆਗਰਾ ਪਹੁੰਚੀ।

ਉੱਥੋਂ ਦੇ ਲੋਕਾਂ ਨੇ ਸਾਧੂਆਂ ਨੂੰ ਆਉਂਦੇ ਵੇਖਿਆ ਤਾਂ ਖੜੇ ਹੋ ਕੇ ਕੀਰਤਨ ਸੁਣਨ ਲੱਗੇ। ਸਾਧੂਆਂ ਨੇ ਵੀ ਕੀਰਤਨ ਜਾਰੀ ਰੱਖਿਆ। ਤਦ ਇਕ ਸਿਪਾਹੀ ਨੇ ਕੜਕ ਕੇ ਕਿਹਾ - ਬੰਦ ਕਰੋ ਗਾਉਣਾ-ਵਜਾਉਣਾ, ਤੁਸੀਂ ਨਹੀਂ ਜਾਣਦੇ ਇੱਥੇ ਗਾਉਣ ਵਾਲੇ ਨੂੰ ਤਾਨਸੇਨ ਦਾ ਮੁਕਾਬਲਾ ਕਰਨਾ ਹੋਵੇਗਾ, ਚਲੋ ਦਰਬਾਰ ਵਿਚ। ਜੇਕਰ ਮੀਆਂ ਤਾਨਸੇਨ ਤੋਂ ਵਧੀਆ ਨਾ ਗਾਇਆ ਤਾਂ ਮੌਤ ਦੀ ਸਜ਼ਾ ਮਿਲੇਗੀ।

ਸਿਪਾਹੀ ਦੀ ਗੱਲ ਸੁਣ ਕੇ ਸਾਧੂਆਂ ਨੂੰ ਪਸੀਨਾ ਆ ਗਿਆ। ਬੋਲੇ - ਭਰਾਵਾ ! ਅਸੀਂ ਤਾਂ ਪ੍ਰਮਾਤਮਾ ਦਾ ਭਜਨ ਕਰਦੇ ਹਾਂ, ਅਸੀਂ ਕੀ ਜਾਣੀਏ ਕਿ ਗੀਤ ਸੰਗੀਤ ਕੀ ਹੁੰਦਾ ਹੈ।

ਪਰ ਸਿਪਾਹੀ ਨਾ ਮੰਨਿਆ। ਸਾਰਿਆਂ ਨੂੰ ਦਰਬਾਰ ਵਿਚ ਹਾਜ਼ਰ ਕੀਤਾ ਗਿਆ। ਉਹਨਾਂ ਨੂੰ ਗਾਉਣਾ ਪਿਆ। ਉਹਨਾਂ ਦੇ ਗਾਉਣ ਵਿਚ ਕੀਰਤਨ ਦਾ ਅਨੰਦ ਸੀ , ਸੰਗੀਤ ਦਾ ਨਹੀਂ। ਸਮਰਾਟ ਅਕਬਰ ਦੇ ਸਾਰੇ ਦਰਬਾਰੀ ਹੱਸਣ ਲੱਗੇ। ਤਾਨਸੇਨ ਨੇ ਬਾਦਸ਼ਾਹ ਨੂੰ ਬੇਨਤੀ ਕੀਤੀ, ''ਜਹਾਂ ਪਨਾਹ, ਇਹ ਸਾਧੂ ਹਨ, ਸੰਗੀਤ ਕੀ ਜਾਣਨ। ਇਹ ਨਹੀਂ ਜਾਣਦੇ ਸਨ ਕਿ ਇਸ ਸ਼ਹਿਰ ਵਿਚ ਗਾਉਣ ਦੀ ਕੀ ਸ਼ਰਤ ਹੈ। ਇਸ ਲਈ ਇਹਨਾਂ ਨੂੰ ਬਖ਼ਸ਼ ਦਿੱਤਾ ਜਾਏ। ਹਾਂ, ਇਨ੍ਹਾਂ ਨੂੰ ਰਾਜ ਦੀ ਹੱਦ ਤੋਂ ਬਾਹਰ ਕੱਢ ਦਿੱਤਾ ਜਾਏ।

ਬਾਦਸ਼ਾਹ ਅਕਬਰ ਨੇ ਤਾਨਸੇਨ ਦੀ ਗੱਲ ਮੰਨ ਲਈ। ਸਾਧੂਆਂ ਨੂੰ ਤੁਰੰਤ ਨਿਕਲ ਜਾਣ ਦਾ ਹੁਕਮ ਦਿੱਤਾ। ਦੁਖੀ ਮਨ ਨਾਲ ਸਾਧੂ ਤੁਰ ਪਏ। ਉਨ੍ਹਾਂ ਸਾਧੂਆਂ ਦੇ ਵਿਚ ਇਕ ਬੱਚਾ ਵੀ ਸੀ। ਉਸ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ। ਉਸ ਨੇ ਮਨ ਹੀ ਮਨ ਫੈਸਲਾ ਕੀਤਾ ਕਿ ਉਹ ਇਸ ਦਾ ਬਦਲਾ ਲੈ ਕੇ ਰਹੇਗਾ।

ਇਸ ਘਟਨਾ ਨੂੰ ਕਈ ਸਾਲ ਬੀਤ ਗਏ। ਇੱਕ ਦਿਨ ਇਕ ਨੌਜਵਾਨ ਘੁੰਮਦਾ-ਘੁੰਮਦਾ ਆਇਆ ਅਤੇ ਉਸੇ ਦਰਖਤ ਦੇ ਥੱਲੇ ਬੈਠ ਗਿਆ ਜਿੱਥੇ ਕਦੇ ਸਾਧੂਆਂ ਨੇ ਭਜਨ ਗਾਇਆ ਸੀ। ਉਸ ਨੇ ਤਾਨਪੁਰਾ ਚਕਿਆ ਅਤੇ ਤਾਰਾਂ ਨੂੰ ਛੇੜਨ ਲੱਗਿਆ। ਹੌਲੀ-ਹੌਲੀ ਆਵਾਜ਼ ਦੀ ਲਹਿਰ ਉੱਠੀ ਅਤੇ ਵਾਤਾਵਰਣ ਨੂੰ ਰਸ ਭਰਿਆ ਬਣਾਉਣ ਲੱਗੀ। ਆਉਣ-ਜਾਣ ਵਾਲੇ ਰੁਕ ਗਏ। ਔਰਤਾਂ ਛੱਤਾਂ, ਦਰਵਾਜਿਆਂ ਅਤੇ ਖਿੜਕੀਆਂ ਵਿਚੋਂ ਝਾਂਕ ਕੇ ਉਸ ਨੌਜਵਾਨ ਨੂੰ ਦੇਖਣ ਲੱਗੀਆਂ। ਸਿਪਾਹੀ ਦੌੜੇ ਆਏ, ਪਰ ਗੀਤ ਸੁਣ ਕੇ ਆਪਣਾ ਫਰਜ਼ ਭੁੱਲ ਗਏ। ਜਦ ਨੌਜਵਾਨ ਨੇ ਗੀਤ ਬੰਦ ਕਰ ਦਿੱਤਾ, ਸਿਪਾਹੀਆਂ ਨੇ ਨੌਜਵਾਨ ਨੂੰ ਫੜ ਲਿਆ। ''ਜਾਣਦਾ ਨਹੀਂ , ਇਸ ਸ਼ਹਿਰ ਵਿੱਚ ਗਾਉਣ ਦਾ ਅਰਥ ਹੈ ਤਾਨਸੇਨ ਨੂੰ ਚੁਨੌਤੀ। ਜੇਕਰ ਨਾ ਜਿੱਤੇ ਤਾਂ ਮੌਤ ਦੀ ਸਜ਼ਾ ਮਿਲੇਗੀ। ਚਲੋ ਦਰਬਾਰ ਚਲੋ।

ਬਾਦਸ਼ਾਹ ਨੂੰ ਖਬਰ ਹੋਈ। ਸਾਰੇ ਜਾਣ ਗਏ ਕਿ ਇੱਕ ਅਨੋਖਾ ਗਾਇਕ ਆਇਆ ਹੈ। ਦੂਜੇ ਦਿਨ ਦਰਬਾਰ ਲਗਾਇਆ ਗਿਆ। ਤਿੱਲ ਸੁੱਟਣ ਦੀ ਵੀ ਜਗ੍ਹਾ ਨਹੀਂ

ਸੀ। ਔਰਤਾਂ ਅਤੇ ਬੇਗਮਾਂ ਵੀ ਨੌਜਵਾਨ ਨੂੰ ਦੇਖਣ ਅਤੇ ਉਸਦਾ ਗੀਤ ਸੁਣਨ ਲਈ ਪਰਦੇ ਦੇ ਉਹਲੇ ਬੈਠੀਆਂ।

ਨੌਜਵਾਨ ਨੂੰ ਹਾਜ਼ਰ ਕੀਤਾ ਗਿਆ। ਬਾਦਸ਼ਾਹ ਨੇ ਨੌਜਵਾਨ ਨੂੰ ਦੇਖਿਆ। ਕਿਹਾ, ਨੌਜਵਾਨ ਗਾਇਕ ! ਤੈਨੂੰ ਇਥੇ ਗਾਉਣ ਦੀ ਸ਼ਰਤ ਪਤਾ ਹੈ?'' ਨੌਜਵਾਨ ਦੇ ਹਾਂ ਕਹਿਣ ਤੇ ਬਾਦਸ਼ਾਹ ਨੇ ਮੁਸਕਰਾ ਕੇ ਕਿਹਾ - ਤਾਂ ਫਿਰ ਗਾਉ। ਜੇਕਰ ਸਾਡੇ ਤਾਨਸੇਨ ਨਾਲੋਂ ਵਧੀਆ ਨਾ ਗਾ ਸਕੇ ਤਾਂ?''

ਨੌਜਵਾਨ ਗਾਇਕ ਨੇ ਕਿਹਾ,- ਮੈਨੂੰ ਮਨਜ਼ੂਰ ਹੈ ਜਹਾਂ-ਪਨਾਹ। ਪਰ ਮੇਰੀ ਵੀ ਇਕ ਤਮੰਨਾ ਹੈ। ਪਹਿਲਾਂ ਮੀਆਂ ਤਾਨਸੇਨ ਆਪਣਾ ਕਮਾਲ ਦਿਖਾਉਣ।

ਬਾਦਸ਼ਾਹ ਨੇ ਤਾਨਸੇਨ ਵਲ ਵੇਖਿਆ। ਤਾਨਸੇਨ ਨੇ ਕਿਹਾ - ਠੀਕ ਹੈ, ਮੈਂ ਹੀ ਸ਼ੁਰੂ ਕਰਦਾ ਹਾਂ।''

ਉਸ ਦੇ ਇਸ਼ਾਰੇ ਤੇ ਇਕ ਆਦਮੀ ਨੇ ਬਰਤਨ ਵਿਚ ਇਕ ਪਥੱਰ ਦਾ ਟੁਕੜਾ ਰੱਖ ਦਿੱਤਾ। ਨੌਜਵਾਨ ਦੀਆਂ ਅੱਖਾਂ ਚਮਕ ਉਠੀਆਂ। ਉਹ ਤਾਨਸੇਨ ਦੀ ਗੱਲ ਸਮਝ ਗਿਆ। ਸਾਜ਼ ਮਿਲੇ ਅਤੇ ਤਾਨਸੇਨ ਨੇ ਆਲਾਪ ਲੈਣਾ ਸ਼ੁਰੂ ਕੀਤਾ। ਸੰਗੀਤ ਦੇ ਸੁਰ ਹਵਾ ਵਿਚ ਤੈਰਨ ਲੱਗੇ ਅਤੇ ਲੋਕ ਤਾਨਸੇਨ ਦੇ ਸੰਗੀਤ ਤੇ ਝੂਮਣ ਲੱਗੇ । ਜਦ ਸੰਗੀਤ ਰੁਕਿਆ ਤਾਂ ਤਾੜੀਆਂ ਨਾਲ ਸਾਰਾ ਮਾਹੌਲ ਗੂੰਜ ਉਠਿਆ। ਨੌਜਵਾਨ ਨੇ ਵੀ ਅੱਖਾਂ ਖੋਲ੍ਹੀਆਂ ਤੇ ਵੇਖਿਆ ਕਿ ਬਰਤਨ ਵਿਚ ਪਿਆ ਪੱਥਰ ਪਿਘਲ ਰਿਹਾ ਹੈ। ਤਾਨਸੇਨ ਨੇ ਝੱਟ ਇਕ ਜੋੜੀ ਮੰਜੀਰੇ ਪਿਘਲਦੇ ਪੱਥਰ ਉਤੇ ਰੱਖ ਦਿੱਤੇ। ਹੌਲੀ ਹੌਲੀ ਪੱਥਰ ਜੰਮ ਗਿਆ ਅਤੇ ਉਸ ਵਿਚ ਮੰਜੀਰੇ ਵੀ।

ਤਾਨਸੇਨ ਨੇ ਝੁਕ ਕੇ ਬਾਦਸ਼ਾਹ ਨੂੰ ਬੇਨਤੀ ਕੀਤੀ - ''ਜਹਾਂ ਪਨਾਹ ਹੁਣ ਮੇਰੇ ਇਹ ਮੰਜੀਰੇ ਇਹ ਨੌਜਵਾਨ ਕੱਢ ਦੇਵੇ''।

ਅਕਬਰ ਦੀਆਂ ਅੱਖਾਂ ਤਾਨਸੇਨ ਦੇ ਕਮਾਲ ਨਾਲ ਚਮਕਣ ਲੱਗੀਆਂ। ਮਾਣ ਨਾਲ ਛਾਤੀ ਫੁੱਲ ਗਈ। ਉਸ ਨੇ ਕਿਹਾ - ਹੁਣ ਸ਼ੁਰੂ ਕਰੋ ਨੌਜਵਾਨ। ਨੌਜਵਾਨ ਨੇ ਕਿਹਾ - '' ਮੈਨੂੰ ਸਭ ਮਨਜ਼ੂਰ ਹੈ। ਪਰ ਪਹਿਲਾਂ ਕੁਝ ਹਾਰ ਅਤੇ ਫੁੱਲਾਂ ਦੀਆਂ ਮਾਲਾਵਾਂ ਮੰਗਵਾਈਆਂ ਜਾਣ''।

ਇਸ਼ਾਰੇ ਦੀ ਦੇਰ ਸੀ। ਫਰਸ਼ ਤੇ ਹਾਰਾਂ ਦਾ ਢੇਰ ਲੱਗ ਗਿਆ। ਲੋਕ ਸੋਚਣ ਲਗੇ ਕਿ ਗਾਉਣ ਵਿਚ ਹਾਰਾਂ ਦਾ ਕੀ ਕੰਮ? ਨੌਜਵਾਨ ਨੇ ਅੱਖਾਂ ਬੰਦ ਕੀਤੀਆਂ। ਆਪਣੇ ਗੁਰੂ ਨੂੰ ਯਾਦ ਕੀਤਾ। ਤਾਨਪੁਰਾ ਫੜਿਆ ਅਤੇ ਆਲਾਪ ਲਿਆ।

ਨੌਜਵਾਨ ਗਾਉਣ ਲੱਗਾ। ਉਸਦੀ ਆਵਾਜ਼ ਗੂੰਜਣ ਲੱਗੀ। ਹੌਲੀ-ਹੌਲੀ ਦਰਬਾਰੀ ਝੂਮਣ ਲੱਗੇ। ਤਾਨਸੇਨ ਵੀ ਆਪਣੀ ਸੁੱਧ-ਬੁੱਧ ਗੁਆ ਬੈਠਾ। ਦਰਬਾਰ ਦਾ ਕੋਨਾ-ਕੋਨਾ ਸੰਗੀਤਮਈ ਹੋ ਗਿਆ। ਸੰਗੀਤ ਰੁਕਿਆ ਤਾਂ ਲੋਕਾਂ ਨੇ ਅੱਖਾਂ ਖੋਲ੍ਹੀਆਂ। ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ। ਹਿਰਨਾਂ ਦਾ ਇਕ ਝੁੰਡ ਉਥੇ ਦਰਬਾਰ ਵਿਚ ਖੜਾ ਸੀ। ਨੌਜਵਾਨ ਨੇ ਹਾਰ ਚੁੱਕ ਕੇ ਉਨ੍ਹਾਂ ਦੇ ਗਲਾਂ ਵਿਚ ਪਾ ਦਿੱਤੇ ਅਤੇ ਦੇਖਦੇ ਹੀ ਦੇਖਦੇ ਹਿਰਨ ਭੱਜ ਤੁਰੇ। ਅਕਬਰ ਵੀ ਆਪਣੇ ਆਪ ਨੂੰ ਨਾ ਰੋਕ ਸਕਿਆ। ਉਹ ਵੀ ਵਾਹ-ਵਾਹ ਕਰ ਉਠਿਆ।

ਨੌਜਵਾਨ ਨੇ ਉਠੱ ਕੇ ਬੇਨਤੀ ਕਰਦੇ ਹੋਏ ਕਿਹਾ - ਜੇਕਰ ਮੀਆਂ ਤਾਨਸੇਨ ਇਹ ਹਾਰ ਵਾਪਸ ਮੰਗਵਾ ਦੇਣ ਤਾਂ ਮੈ ਵੀ ਮੰਜੀਰੇ ਕੱਢ ਦੇਵਾਂਗਾ।

ਇਹ ਸੁਣਦੇ ਹੀ ਤਾਨਸੇਨ ਦਾ ਚਿਹਰਾ ਪੀਲਾ ਪੈ ਗਿਆ। ਅਕਬਰ ਸਮਝ ਗਿਆ ਅਤੇ ਉਸ ਨੇ ਕਿਹਾ - ਨੌਜਵਾਨ ਹੁਣ ਤਾਨਸੇਨ ਦੀ ਜਾਨ ਤੇਰੇ ਹਵਾਲੇ ਹੈ। ਤਾਨਸੇਨ ਹਾਰ ਗਿਆ ਹੈ, ਤੂੰ ਜਿੱਤ ਗਿਐ।

ਨੌਜਵਾਨ ਨੇ ਕਿਹਾ - ਹਜ਼ੂਰ ਮੈਂ ਕਿਸੇ ਦੀ ਜਾਨ ਲੈਣਾ ਨਹੀ ਚਾਹੁੰਦਾ। ਮੈਂ ਸਿਰਫ ਇਹੀ ਚਾਹੁੰਦਾ ਹਾਂ ਕਿ ਤਾਨਸੇਨ ਇਹ ਸ਼ਰਤ ਮੰਨ ਲਏ ਕਿ ਘਟੀਆ ਗਾਉਣ ਵਾਲੇ ਨੂੰ ਮੌਤ ਦੀ ਸਜ਼ਾ ਨਹੀ ਦਿੱਤੀ ਜਾਵੇਗੀ। ਸੰਗੀਤ ਦਾ ਗਿਆਨ ਅਥਾਹ ਹੈ। ਇਸ ਵਿਚ ਕੋਈ ਪੂਰਣ ਨਹੀ ਹੋ ਸਕਦਾ।

ਤਾਨਸੇਨ ਨੇ ਸੁਣਿਆਂ ਤਾਂ ਉਸ ਕੋਲੋਂ ਰਿਹਾ ਨਾ ਗਿਆ। ਉਹ ਨੌਜਵਾਨ ਦੇ ਪੈਰਾਂ ਤੇ ਝੁੱਕ ਗਿਆ। ਨੌਜਵਾਨ ਨੇ ਉਹਨਾਂ ਨੂੰ ਆਪਣੀ ਬਾਹਾਂ ਵਿਚ ਲੈ ਲਿਆ ਅਤੇ ਕਿਹਾ - ਵੱਡੇ ਭਰਾ ! ਇੰਜ ਕਰ ਕੇ ਮੈਨੂੰ ਕਲੰਕਤ ਨਾ ਕਰੋ। ਅਸੀਂ ਦੋਵੇਂ ਗੁਰੂ-ਭਾਈ ਹਾਂ। ਮੈਂ ਵੀ ਗੁਰੂ ਹਰਿਦਾਸ ਤੋਂ ਸੰਗੀਤ ਦੀ ਸਿੱਖਿਆ ਲਈ ਹੈ। ਤੁਸੀਂ ਮੇਰੇ ਤੋਂ ਵੱਡੇ ਹੋ।''

ਤਾਨਸੇਨ ਦੀਆਂ ਅੱਖਾਂ 'ਚੋਂ ਹੰਝੂਆਂ ਦੀ ਧਾਰ ਵਹਿ ਤੁਰੀ। ਨੌਜਵਾਨ ਉਸੇ ਮਸਤੀ ਵਿਚ ਗਾਉਂਦਾ ਹੋਇਆ ਰਾਜ ਚੋਂ ਨਿਕਲ ਗਿਆ।

ਪਿਆਰੇ ਬੱਚਿਉ ! ਇਹ ਨੌਜਵਾਨ ਹੋਰ ਕੋਈ ਨਹੀ ਉਹੀ ਬੱਚਾ ਸੀ ਜੋ ਆਗਰਾ ਚੋਂ ਸਾਧੂਆਂ ਦੇ ਨਾਲ ਕੱਢਿਆ ਗਿਆ ਸੀ। ਉਸ ਬੱਚੇ ਦਾ ਨਾਂ ਸੀ ''ਬੈਜੂ ਬਾਵਰਾ''।

ਡਾ.ਕੇ.ਪੀ.ਸਿੰਘ

# ਇਕ ਅਜੀਬ ਜੀਵ ਹੈ — ਬਿੱਛੂ



**ਜੀਵ**-ਜੰਤੂਆਂ ਦੀ ਅਜੀਬ ਦੁਨੀਆ ਦਾ ਇਕ ਅਜੀਬ ਜੀਵ ਬਿੱਛੂ ਹੈ। ਇਹ ਹਰ ਤਰ੍ਹਾਂ ਦੀਆਂ ਥਾਵਾਂ ਤੇ ਰਹਿ ਸਕਦਾ ਹੈ। ਜ਼ਿਆਦਾਤਰ ਬਿੱਛੂ ਰੇਤੀਲੇ ਮਾਰੂਥਲ ਵਿਚ ਮਿਲਦੇ ਹਨ। ਇਹ ਜੰਗਲਾਂ ਅਤੇ ਪਹਾੜੀ ਇਲਾਕਿਆਂ ਵਿਚ ਵੀ ਪਾਏ ਜਾਂਦੇ ਹਨ। ਪੂਰੀ ਦੁਨੀਆਂ ਵਿਚ ਬਿੱਛੂਆਂ ਦੀਆਂ ਲਗਭਗ ਦੋ ਹਜਾਰ ਪ੍ਰਜਾਤੀਆਂ ਹਨ। ਧਰਤੀ ਉੱਤੇ ਬਿੱਛੂ ਲਗਭਗ 40 ਕਰੋੜ ਸਾਲ ਪਹਿਲਾਂ ਤੋਂ ਮੰਨਿਆ ਜਾਂਦਾ ਹੈ।

ਇਹ ਆਪਣੇ ਆਲੇ-ਦੁਆਲੇ ਰਹਿਣ ਵਾਲੇ ਕੀੜੇ-ਮਕੌੜਿਆਂ ਨੂੰ ਖਾਂਦੇ ਹਨ। ਇਹਨਾਂ ਨੂੰ ਬਿੱਛੂ ਡੰਕ ਨਾਲ ਮਾਰ ਦਿੰਦੇ ਹਨ। ਮੁਸ਼ਕਿਲ ਤੋਂ ਮੁਸ਼ਕਿਲ ਹਾਲਾਤਾਂ ਵਿਚ ਰਹਿਣ ਵਾਲੇ ਇਹ ਜੀਵ ਭੋਜਨ ਨਾ ਮਿਲਣ ਤੇ ਵੀ ਕਈ ਦਿਨ ਭੁੱਖੇ ਰਹਿ ਸਕਦੇ ਹਨ। ਬਿੱਛੂ ਸਾਲ ਵਿਚ ਸਿਰਫ ਇਕ ਕੀਟ ਖਾ ਕੇ ਵੀ ਜ਼ਿੰਦਾ ਰਹਿ ਸਕਦਾ ਹੈ। ਆਪਣੇ ਮੇਟਾਬੋਲਿਜਮ ਵਿਚ ਕਮੀ ਆਉਣ ਤੋਂ ਬਾਅਦ ਉਹ ਆਪਣੇ ਸ਼ਿਕਾਰ ਨੂੰ ਫੜਨ ਲਈ ਬਹੁਤ ਹੀ ਤੇਜ਼ੀ ਤੋਂ ਕੰਮ ਲੈਂਦਾ ਹੈ। ਕੁਦਰਤ ਵਲੋਂ ਉਹਨਾਂ ਨੂੰ ਇਹ ਸ਼ਕਤੀ ਹਾਸਿਲ ਹੈ। ਬਿੱਛੂ ਉੱਤੇ ਅਧਿਆਨ ਕਰਨ ਵਾਲਿਆਂ ਨੇ ਉਹਨਾਂ ਨੂੰ ਬਰਫ ਉੱਤੇ ਕਈ ਘੰਟੇ ਰੱਖ ਕੇ ਸੂਰਜ ਦੀ ਰੌਸ਼ਨੀ ਵਿਚ ਛੱਡਿਆ ਤਾਂ ਵੇਖਿਆ ਕਿ ਉਹ ਆਰਾਮ ਨਾਲ ਚਲ ਸਕਦੇ ਹਨ। ਬਿੱਛੂ ਜ਼ਮੀਨ ਦੇ ਅੰਦਰ ਖੁੱਡ ਬਣਾ ਕੇ ਰਹਿੰਦੇ ਹਨ। ਇਹ ਬਿਨਾਂ ਮਿੱਟੀ ਦੇ ਜੀਵਿਤ ਨਹੀਂ ਰਹਿ ਸਕਦੇ। ਬਰਫੀਲੀਆਂ ਥਾਵਾਂ ਅਤੇ ਘਾਹ ਦੇ ਹਰੇ-ਭਰੇ ਮੈਦਾਨਾਂ ਵਿਚ ਜਿਥੇ ਭੁਰਭੁਰੀ ਮਿੱਟੀ ਨਹੀਂ ਹੁੰਦੀ ਉਹਨਾਂ ਦੇ ਲਈ ਉਥੇ ਰਹਿਣਾ ਮੁਸ਼ਕਿਲ ਹੁੰਦਾ ਹੈ।

ਅਮਰੀਕਾ ਅਤੇ ਮੈਕਸੀਕੋ ਵਿਚ ਮਿਲਣ ਵਾਲਾ ਵਾਰਕ ਬਿੱਛੂ ਲਕੜੀਆਂ ਦੇ ਮੋਛਿਆਂ ਥੱਲੇ ਅਤੇ ਰੁੱਖਾਂ ਦੀ ਛਾਲ ਵਿਚ ਪਾਇਆ ਜਾਂਦਾ ਹੈ। ਇਸ ਦੇ ਡੰਕ ਵਿਚ ਜ਼ਹਿਰ ਹੁੰਦਾ ਹੈ। ਇਹੀ ਕਾਰਨ ਹੈ ਕਿ ਬਿੱਛੂਆਂ ਦੇ ਡੰਕ ਦੇ 6-7 ਘੰਟੇ ਬਾਅਦ ਹੀ ਬੱਚਿਆਂ ਦੀ ਮੌਤ ਹੋ ਜਾਂਦੀ ਹੈ।

ਬਿੱਛੂ ਦਾ ਸ਼ਰੀਰ ਲਗਭਗ 3 ਤੋਂ 8 ਸੈਂਟੀਮੀਟਰ ਲੰਬਾ ਹੁੰਦਾ ਹੈ। ਕੁਝ ਪਰਜਾਤੀਆਂ ਦੇ ਬਿੱਛੂਆਂ ਵਿਚ 2 ਡੰਕ ਹੁੰਦੇ ਹਨ। ਬਿੱਛੂ ਦੇ ਸਾਈਜ਼ ਵੱਖ-ਵੱਖ ਹੁੰਦੇ ਹਨ। ਛੋਟੇ ਬਿੱਛੂਆਂ ਵਿਚ ਜ਼ਹਿਰ ਦੀ ਮਾਤਰਾ ਘੱਟ ਹੁੰਦੀ ਹੈ। ਲੇਕਿਨ ਜ਼ਹਿਰ ਨੂੰ ਪੈਦਾ ਕਰਨ ਦੇ ਲਈ ਇਸ ਨੂੰ ਕਾਫੀ ਮਿਹਨਤ ਕਰਨੀ ਪੈਂਦੀ ਹੈ। ਆਪਣੇ ਜ਼ਹਿਰ ਦਾ ਇਸਤੇਮਾਲ ਉਹ ਸ਼ਿਕਾਰ ਅਤੇ ਆਤਮ-ਰਖਿਆ ਲਈ ਕਰਦੇ ਹਨ। ਇਸ ਦੇ ਕੱਟਣ ਤੇ ਲਕਵਾ ਮਾਰ ਸਕਦਾ ਹੈ। ਸਮੇਂ ਰਹਿੰਦੇ ਜੇਕਰ ਇਲਾਜ ਨਾ ਹੋਵੇ ਤਾਂ ਇਸ ਦੇ ਕੱਟਣ ਨਾਲ ਮੌਤ ਵੀ ਹੋ ਸਕਦੀ ਹੈ। ਇਸ ਦੀਆਂ ਲਾਲ ਅਤੇ ਪੀਲੇ ਰੰਗ ਦੀ ਪਰਜਾਤੀਆਂ ਹੁੰਦੀਆਂ ਹਨ। ਰੁੱਖਾਂ ਦੀਆਂ ਛਾਲਾਂ, ਗੁਫਾਵਾਂ ਅਤੇ ਹਨੇਰੇ ਵਾਲੀਆਂ ਥਾਵਾਂ ਤੇ ਇਹ ਖੁੱਡ ਬਣਾ ਕੇ ਰਹਿੰਦੇ ਹਨ ਅਤੇ ਇਹ ਛੋਟੇ ਕੀੜਿਆਂ, ਚੂਹੇ ਅਤੇ ਦੂਜੇ ਬਿੱਛੂਆਂ ਦਾ ਸ਼ਿਕਾਰ ਕਰਦੇ ਹਨ।

ਮਾਦਾ ਬੱਚੇ ਦਿੰਦੀ ਹੈ, ਅੰਡੇ ਨਹੀਂ। ਇਕ ਸਮੇਂ ਵਿਚ ਮਾਦਾ 2 ਤੋਂ5 ਦਰਜਨ ਤਕ ਬੱਚੇ ਦਿੰਦੀ ਹੈ। ਨਵਜਾਤ ਸ਼ਿਸ਼ੂ ਆਪਣੇ ਆਪ ਨੂੰ ਸੁਰਖਿਅਤ ਰੱਖਣ ਅਤੇ ਭੋਜਨ ਪ੍ਰਾਪਤ ਕਰਨ ਲਈ ਮਾਦਾ ਦੇ ਉੱਤੇ ਚੜ੍ਹੇ ਰਹਿੰਦੇ ਹਨ। ਜਨਮ ਦੇ ਇਕ ਹਫਤੇ ਬਾਅਦ ਇਹ ਮਾਦਾ ਤੋਂ ਵੱਖ ਹੋ ਜਾਂਦੇ ਹਨ।ਬਿੱਛੂ ਨੂੰ ਲਾਭਦਾਇਕ ਜੀਵਾਂ ਵਿਚ ਗਿਣਿਆ ਜਾਂਦਾ ਹੈ ਕਿਉਂਕਿ ਇਹ ਕਾਕਰੋਚ ਅਤੇ ਮਨੁੱਖ ਨੂੰ ਹਾਨੀ ਪਹੁੰਚਾਣ ਵਾਲੇ ਹੋਰ ਕੀੜਿਆਂ ਨੂੰ ਖਾ ਜਾਂਦਾ ਹੈ। ਬਿੱਛੂ ਦੇ ਜ਼ਹਿਰ ਨਾਲ ਕਈ ਤਰ੍ਹਾਂ ਦੀਆਂ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ।

ਸੁਰਿੰਦਰ ਰੰਧਾਵਾ

# ਮਿਲਜੁਲ ਸਾਰੇ ਆਉ ਕਰੀਏ ਸਫਾਈ

ਮਿਲਜੁਲ ਸਾਰੇ ਆਉ ਕਰੀਏ ਸਫਾਈ।
ਦੂਰ ਕਰਨੀ ਹੈ ਸਾਰੀ ਗੰਦਗੀ ਇਹ ਭਾਈ।

ਸਾਫ ਕਰੋ ਪਾਣੀ ਹੈ ਪਾਣੀ ਹੀ ਜੀਵਨ,
ਦੂਰ ਕਰੋ ਮਿਲ ਕੇ ਵਾਯੂ ਪ੍ਰਦੂਸ਼ਣ।
ਇਸ ਵਿਚ ਹੈ ਹਰ ਕਿਸੇ ਦੀ ਭਲਾਈ,
ਮਿਲਜੁਲ ਸਾਰੇ...

ਹਵਾ ਵਿਚ ਧੂੜ-ਧੂਆਂ ਕਦੇ ਨਾ ਫੈਲਾਉ,
ਵਾਯੂਮੰਡਲ ਨੂੰ ਹੋਰ ਗੰਦਾ ਨਾ ਬਣਾਉ।
ਸ਼ੁਧ ਕਰਕੇ ਇਹਨੂੰ ਕਰੋ ਨੇਕ ਕਮਾਈ,
ਮਿਲਜੁਲ ਸਾਰੇ...

ਨਦੀਆਂ ਨਾਲੀਆਂ ਵਿਚ ਗੰਦਗੀ ਨਾ ਪਾਉ,
ਹੋ ਸਕੇ ਤਾ ਉਥੋਂ ਸਾਰੀ ਗੰਦਗੀ ਹਟਾਉ।
ਪੌਦੇ ਲਾ ਕੇ ਕੰਢਿਆਂ ਤੇ ਰੂਹ ਹਰਸ਼ਾਈ,
ਮਿਲਜੁਲ ਸਾਰੇ...

ਹਵਾ, ਪਾਣੀ ਅਤੇ ਵਾਤਾਵਰਨ ਰੱਖੋ ਸਾਫ,
ਸਫਾਈ ਨਾਲ ਗੰਦਗੀ ਇਹ ਮੁੱਕ ਜਾਵੇ ਆਪ।
ਧਰਤੀ ਸੰਵਾਰਨ ਦੀ ਰੁੱਤ ਮੁੜ ਆਈ,
ਮਿਲਜੁਲ ਸਾਰੇ...





# ਵਿਗਿਆਨ ਪ੍ਰਸ਼ਨੋਤਰੀ



❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ : ਪੁਲਾੜ ਵਿਚ ਹਰ ਚੀਜ਼ ਗਤੀਸ਼ੀਲ ਕਿਉਂ ਹੈ?**

**ਉੱਤਰ :** ਵਿਗਿਆਨਕ ਮੰਨਦੇ ਹਨ ਕਿ ਪ੍ਰਿਥਵੀ ਦੀ ਉਤਪਤੀ ਇਕ ਵਿਸਫੋਟ ਨਾਲ ਹੋਈ ਸੀ। ਉਸ ਸਮੇਂ ਬਹੁਤ ਹੀ ਜ਼ਿਆਦਾ ਮਾਤਰਾ ਵਿਚ ਊਰਜਾ ਨਿਕਲੀ ਸੀ। ਉਸ ਊਰਜਾ ਦੇ ਕਾਰਣ ਬ੍ਰਹਿਮੰਡ ਵਿਚ ਸਥਿਤ ਹਰ ਪਦਾਰਥ ਦਾ ਵਿਸਫੋਟ ਹੋਇਆ ਸੀ। ਇਸ ਊਰਜਾ ਦੇ ਕਾਰਣ ਆਕਾਸ਼ਗੰਗਾ, ਤਾਰੇ ਅਤੇ ਗ੍ਰਹਿ ਇਕ ਦੂਸਰੇ ਤੋਂ ਦੂਰ ਜਾ ਰਹੇ ਹਨ ਕਿਉਂਕਿ ਇਹ ਉਹਨਾਂ ਪਦਾਰਥਾਂ ਤੋਂ ਮਿਲ ਕੇ ਹੀ ਬਣੇ ਹਨ ਜਿਨ੍ਹਾਂ ਵਿਚ ਵਿਸਫੋਟ ਹੋਇਆ ਸੀ। ਇਸ ਦੇ ਕਾਰਨ ਹੀ ਪੁਲਾੜ ਵਿਚ ਹਰ ਚੀਜ਼ ਗਤੀਸ਼ੀਲ ਹੈ।

**ਪ੍ਰਸ਼ਨ : ਟਰੱਕ ਅਤੇ ਬੱਸ ਦੇ ਪਿਛਲੇ ਪਹੀਆਂ ਵਿਚ ਦੋ-ਦੋ ਟਾਇਰ ਕਿਉਂ ਹੁੰਦੇ ਹਨ?**


**ਉੱਤਰ :** ਟਰੱਕ ਅਤੇ ਬੱਸ ਦੇ ਪਿਛਲੇ ਭਾਗ ਤੇ ਭਾਰ ਜ਼ਿਆਦਾ ਹੁੰਦਾ ਹੈ। ਇਸ ਕਾਰਣ ਇਹਨਾਂ ਦੇ ਪਿਛਲੇ ਪਹੀਆਂ ਵਿਚ ਦੋ-ਦੋ ਟਾਇਰ ਲਗਾਏ ਜਾਂਦੇ ਹਨ। ਦੋ ਟਾਇਰ ਲਗਾਉਣ ਨਾਲ ਖੇਤਰਫਲ ਵਿਚ ਵਾਧਾ ਹੁੰਦਾ ਹੈ ਅਤੇ ਦਬਾਅ ਵੀ ਘੱਟ ਹੋ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਟਰੱਕ ਅਤੇ ਬੱਸ ਆਸਾਨੀ ਨਾਲ ਚਲ ਸਕਦੇ ਹਨ।

**ਪ੍ਰਸ਼ਨ : ਬਿੱਛੂ ਦੇ ਕੱਟਣ ਤੇ ਲੋਹਾ ਰਗੜਨ ਨਾਲ ਜ਼ਹਿਰ ਕਿਉਂ ਉਤਰ ਜਾਂਦਾ ਹੈ?**

**ਉੱਤਰ :** ਬਿੱਛੂ ਦੇ ਡੰਕ ਵਿਚ ਐਸਿਡ ਹੁੰਦਾ ਹੈ ਜੋ ਸ਼ਰੀਰ ਵਿਚ ਝਟਪਟ ਜਲਣ ਪੈਦਾ ਕਰਦਾ ਹੈ। ਜਦ ਬਿੱਛੂ ਦੇ ਕੱਟਣ ਤੇ ਲੋਹਾ ਰਗੜਿਆ ਜਾਂਦਾ ਹੈ ਤਾਂ ਲਵਣ ਬਣਨ ਦੀ ਕਿਰਿਆ ਸ਼ੁਰੂ ਹੁੰਦੀ ਹੈ ਜਿਸ ਨੂੰ neutralisation ਕਿਹਾ ਜਾਂਦਾ ਹੈ। ਇਸ ਕਾਰਨ ਸ਼ਰੀਰ ਵਿਚ ਜ਼ਹਿਰ ਦਾ ਅਸਰ ਘੱਟ ਹੋਣਾ ਸ਼ੁਰੂ ਹੋ ਜਾਂਦਾ ਹੈ।

**ਪ੍ਰਸ਼ਨ : ਜਵਾਲਾਮੁਖੀ ਫੱਟਣ ਨਾਲ ਤਾਪਮਾਨ ਵਿਚ ਗਿਰਾਵਟ ਕਿਉਂ ਆਉਂਦੀ ਹੈ।**

**ਉਤਰ :** ਜਵਾਲਾਮੁਖੀ ਫੱਟਣ ਨਾਲ ਸਭ ਤੋਂ ਪਹਿਲਾਂ ਭਾਫ ਨਿਕਲਦੀ ਹੈ। ਇਸ ਦੇ ਨਾਲ ਹੀ ਕਾਰਬਨ-ਡਾਈ-ਆਕਸਾਈਡ, ਕਲੋਰੀਨ, ਹਾਈਡਰੋਜਨ ਅਤੇ ਹੋਰ ਵੀ ਕਈ ਗੈਸਾਂ ਨਿਕਲਦੀਆਂ ਹਨ। ਇਸ ਤੋਂ ਬਾਅਦ ਹਾਈਡਰੋਜਨ ਅਤੇ ਕਲੋਰੀਨ ਗੈਸਾਂ ਪਾਣੀ ਵਿਚ ਮਿਲ ਕੇ ਰਸਾਇਣਕ ਕਿਰਿਆ ਕਰਦੀਆਂ ਹਨ। ਇਸ ਕਾਰਨ ਐਸਿਡ ਵਰਖਾ ਹੁੰਦੀ ਹੈ ਜਿਸ ਨਾਲ ਹਵਾ ਵਿਚ ਇਕ ਐਸਿਡ ਪਰਤ ਬਣਨੀ ਸ਼ੁਰੂ ਹੋ ਜਾਂਦੀ ਹੈ। ਇਸ ਪਰਤ ਦੇ ਕਾਰਨ ਹੀ ਤਾਪਮਾਨ ਵਿਚ ਗਿਰਾਵਟ ਆ ਜਾਂਦੀ ਹੈ।



❑ ਅਮਨਪ੍ਰੀਤ ਸਿੰਘ

# ਕਿਤਾਬ ਰੋ ਪਈ

**ਰਾਜੂ** ਪੰਜਵੀ ਕਲਾਸ ਵਿਚ ਪੜ੍ਹਦਾ ਸੀ। ਰਾਜੂ ਪੜ੍ਹਾਈ ਵਿਚ ਵੀ ਕਾਫੀ ਤੇਜ਼ ਸੀ। ਰਾਜੂ ਨੂੰ ਕਹਾਣੀਆਂ, ਚੁਟਕੁਲੇ , ਕਵਿਤਾਵਾਂ ਅਤੇ ਦਿਮਾਗੀ ਕਸਰਤਾਂ ਵਾਲੀਆਂ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਉਹ ਸਕੂਲ ਦੀ ਲਾਈਬ੍ਰੇਰੀ ਵਿਚ ਜਾ ਕੇ ਇਹ ਸਭ ਪੜ੍ਹਦਾ ਸੀ। ਰਾਜੂ ਬਾਰੇ ਉਸਦੇ ਸਭ ਟੀਚਰਾਂ ਨੂੰ ਪਤਾ ਸੀ। ਇਸ ਵਾਰ ਰਾਜੂ ਪੰਜਵੀ ਦੀ ਪ੍ਰੀਖਿਆ ਵਿਚੋਂ ਫਸਟ ਆਇਆ। ਰਾਜੂ ਨੂੰ ਉਸ ਦੇ ਟੀਚਰਾਂ ਨੇ ਬਹੁਤ ਹੀ ਪਿਆਰਾ ਗਿਫਟ ਦਿੱਤਾ। ਜਦ ਰਾਜੂ ਨੇ ਉਹ ਗਿਫਟ ਘਰ ਜਾ ਕੇ ਖੋਲ੍ਹਿਆ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਵਿਚ ਇਕ ਬਹੁਤ ਸੋਹਣੀ ਕਿਤਾਬ ਸੀ ਜੋ ਗਿਆਨ ਨਾਲ ਭਰੀ ਹੋਈ ਸੀ। ਉਸ ਕਿਤਾਬ ਵਿਚ ਕਹਾਣੀਆਂ, ਚੁਟਕੁਲੇ ਅਤੇ ਕਵਿਤਾਵਾਂ ਰੰਗੀਨ ਚਿੱਤਰਾਂ ਨਾਲ ਦਰਜ ਕੀਤੀਆਂ ਹੋਈਆਂ ਸਨ। ਰਾਜੂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

ਰਾਜੂ ਕਈ ਦਿਨ ਆਪਣੇ ਭੈਣ-ਭਰਾਵਾਂ ਨਾਲ ਉਸ ਪੁਸਤਕ ਨੂੰ ਪੜ੍ਹ-ਪੜ੍ਹ ਕੇ ਆਪਣਾ ਮਨੋਰੰਜਨ ਕਰਦਾ ਰਿਹਾ। ਕਈ ਦਿਨ ਚੁਟਕੁਲੇ ਪੜ੍ਹ ਕੇ ਸਭ ਹੱਸਦੇ ਰਹੇ। ਰਾਜੂ ਨੇ ਜਦੋਂ ਸਾਰੀ ਕਿਤਾਬ ਪੜ੍ਹ ਲਈ ਤਾਂ ਉਸ ਨੇ ਉਹ ਕਿਤਾਬ ਲਾਪਰਵਾਹੀ ਨਾਲ ਐਵੇਂ ਹੀ ਇਕ ਜਗ੍ਹਾ ਰੱਖ ਦਿੱਤੀ। ਉਸ ਨੇ ਕਿਤਾਬ ਨੂੰ ਸੰਭਾਲ ਕੇ ਨਾ ਰੱਖਿਆ। ਕਾਫੀ ਦਿਨ ਉਹ ਕਿਤਾਬ ਐਂਵੇ ਹੀ ਪਈ ਰਹੀ। ਰਾਜੂ ਦੀ ਮੰਮੀ ਨੇ ਸਫਾਈ ਕਰਦੇ ਸਮੇਂ ਬੇਧਿਆਨੇ ਉਸ ਕਿਤਾਬ ਨੂੰ ਸਟੋਰ ਵਿਚ ਰੱਖ ਦਿੱਤਾ। ਸਟੋਰ ਵਿਚ ਹੋਰ ਪੁਰਾਣਾ ਸਮਾਨ ਪਿਆ ਸੀ। ਕਈ ਦਿਨ ਬੀਤ ਗਏ। ਰਾਜੂ ਵੀ ਉਸ ਕਿਤਾਬ ਨੂੰ ਭੁੱਲ ਗਿਆ ਕਿਉਂਕਿ ਹੁਣ ਉਸ ਦਾ ਹੋਮਵਰਕ ਵੱਧ ਗਿਆ ਸੀ। ਸਟੋਰ ਵਿਚ ਉਸ ਕਿਤਾਬ ਉਤੇ ਕਾਫੀ ਮਿੱਟੀ-ਘੱਟਾ ਜੰਮ ਗਿਆ ਸੀ। ਹੁਣ ਉਹ ਕਿਤਾਬ ਸੜ ਰਹੀ ਸੀ।

ਇਕ ਦਿਨ ਰਾਜੂ ਗੂੜ੍ਹੀ ਨੀਂਦ ਸੁੱਤਾ ਪਿਆ ਸੀ। ਰਾਤ ਵੇਲੇ ਰਾਜੂ ਨੂੰ ਸੁਪਨਾ ਆਇਆ। ਉਹ ਕਿਤਾਬ ਰਾਜੂ ਦੇ ਸਾਹਮਣੇ ਖੜ੍ਹੀ ਹੋ ਗਈ ਅਤੇ ਕਹਿਣ ਲੱਗੀ - ਰਾਜੂ ਤੂੰ ਬਹੁਤ ਹੀ ਚੰਗਾ ਮੁੰਡਾ ਹੈ। ਤੂੰ ਪੜ੍ਹਾਈ ਵਿਚੋਂ ਵੀ ਫਸਟ ਆਉਂਦਾ ਹੈ ਪਰ ਤੂੰ ਮੇਰੇ ਵਿਚੋਂ ਕਹਾਣੀਆਂ ਪੜ੍ਹ ਕੇ ਆਪਣਾ ਗਿਆਨ ਵਧਾਇਆ, ਚੁਟਕੁਲੇ ਪੜ੍ਹ ਕੇ ਤੂੰ ਖੂਬ ਹੱਸਿਆ ਅਤੇ ਦਿਮਾਗ ਦੀ ਕਸਰਤ ਵੀ ਕੀਤੀ। ਰਾਜੂ ਨੇ ਹਾਂ ਵਿਚ ਸਿਰ ਹਿਲਾਇਆ। ਫਿਰ ਕਿਤਾਬ ਬੋਲੀ - ਪਰ ਤੂੰ ਆਪਣਾ ਮਨੋਰੰਜਨ ਕਰ ਕੇ ਮੈਨੂੰ ਇਕ



ਪਾਸੇ ਰੱਖ ਦਿੱਤਾ। ਇਹ ਕਹਿ ਕੇ ਕਿਤਾਬ ਰੋਣ ਲੱਗ ਪਈ। ਰਾਜੂ ਨੇ ਰੋਣ ਦਾ ਕਾਰਨ ਪੁੱਛਿਆ ਤਾਂ ਕਿਤਾਬ ਬੋਲੀ - ਤੈਨੂੰ ਐਨਾ ਗਿਆਨ ਦੇ ਕੇ ਹੁਣ ਮੈਂ ਮਿੱਟੀ-ਘੱਟੇ ਵਿਚ ਸੜ ਰਹੀ ਹਾਂ। ਰਾਜੂ ਤੈਨੂੰ ਚਾਹੀਦਾ ਸੀ ਕਿ ਤੂੰ ਮੇਰੇ ਵਰਗੀ ਕਿਤਾਬ ਹੋਰ ਬੱਚਿਆਂ ਨੂੰ ਵੀ ਦੇ ਦਿੰਦਾ ਤਾਂ ਜੋ ਹੋਰ ਬੱਚੇ ਵੀ ਪੜ੍ਹ ਕੇ ਇਸ ਵਿਚੋਂ ਗਿਆਨ ਪ੍ਰਾਪਤ ਕਰਦੇ। ਰਾਜੂ ਨੇ ਕਿਤਾਬ ਤੋਂ ਮੁਆਫੀ ਮੰਗੀ ਅਤੇ ਕਿਹਾ ਮੈਂ ਇੰਜ ਹੀ ਕਰਾਂਗਾ। ਐਨੇ ਵਿਚ ਉਹ ਕਿਤਾਬ ਗਾਇਬ ਹੋ ਗਈ।

ਰਾਜੂ ਸਵੇਰੇ ਉਠਿਆ ਅਤੇ ਉਸ ਕਿਤਾਬ ਨੂੰ ਲੱਭਣ ਲੱਗਾ। ਰਾਜੂ ਨੇ ਆਪਣੇ ਕਮਰੇ ਵਿਚ ਉਸ ਕਿਤਾਬ ਨੂੰ ਕਾਫੀ ਲੱਭਿਆ ਪਰ ਉਹ ਕਿਤਾਬ ਉਸ ਨੂੰ ਕਿਤੇ ਵੀ ਨਾ ਮਿਲੀ। ਫਿਰ ਉਸ ਨੇ ਆਪਣੀ ਮੰਮੀ ਨੂੰ ਕਿਤਾਬ ਬਾਰੇ ਪੁੱਛਿਆ, ਤਾਂ ਉਸ ਦੀ ਮੰਮੀ ਬੋਲੀ - ਹਾਂ ਪੁੱਤਰ ਸ਼ਾਇਦ ਉਹ ਕਿਤਾਬ ਮੈਂ ਸਟੋਰ ਵਿਚ ਰੱਖ ਦਿੱਤੀ ਸੀ। ਰਾਜੂ ਭੱਜ ਕੇ ਸਟੋਰ ਵਿਚ ਗਿਆ। ਜਦੋਂ ਉਸ ਨੇ ਕਿਤਾਬ ਦੇਖੀ ਤਾਂ ਉਹ ਕਿਤਾਬ ਮਿੱਟੀ-ਘੱਟੇ ਕਾਰਣ ਬਹੁਤ ਮੈਲੀ ਨਜ਼ਰ ਆ ਰਹੀ ਸੀ। ਰਾਜੂ ਨੇ ਉਹ ਕਿਤਾਬ ਚੁੱਕੀ ਅਤੇ ਸਾਫ ਕੀਤੀ। ਰਾਜੂ ਨੇ ਉਸ ਕਿਤਾਬ ਨੂੰ ਦੁਬਾਰਾ ਪੜ੍ਹਿਆ ਅਤੇ ਖੁਸ਼ ਹੋਇਆ। ਉਸ ਨੇ ਉਸ ਕਿਤਾਬ ਉਤੇ ਇਕ ਸਲਿੱਪ ਵੀ ਲਗਾ ਦਿੱਤੀ ਕਿ ਪੜ੍ਹਨ ਤੋਂ ਬਾਅਦ ਆਪਣੇ ਦੂਸਰੇ ਦੋਸਤ ਨੂੰ ਦੇ ਦਿਉ। ਰਾਜੂ ਨੇ ਉਹ ਕਿਤਾਬ ਆਪਣੇ ਇਕ ਸਾਥੀ ਨੂੰ ਦੇ ਦਿੱਤੀ।

ਪਿਆਰੇ ਬੱਚਿਉ ! ਤੁਸੀਂ ਵੀ ਆਪਣੀਆਂ ਸਾਰੀਆਂ ਕਿਤਾਬਾਂ ਨੂੰ ਸਾਂਭ ਕੇ ਰੱਖਣਾ ਹੈ। ਜੇ ਤੁਸੀ ਕੋਈ ਕਿਤਾਬ ਪੜ੍ਹ ਲਈ ਹੈ ਤਾਂ ਉਸ ਨੂੰ ਪੜ੍ਹਨ ਲਈ ਦੂਸਰੇ ਦੋਸਤ ਨੂੰ ਦੇ ਦਿਉ ਤਾਂ ਜੋ ਹੋਰ ਕੋਈ ਵੀ ਉਸ ਵਿਚੋਂ ਗਿਆਨ ਪ੍ਰਾਪਤ ਕਰ ਸਕੇ।

❑ ਰਮੇਸ਼ ਵਰਮਾ

# ਪਹਿਲਾ ਵਰਲਡ ਟ੍ਰੇਡ ਫੇਅਰ ਕਦੋਂ ਲਗਿਆ

ਬੱਚਿਉ ! ਦਿੱਲੀ ਵਿਚ ਹਰ ਸਾਲ ਵਰਲਡ ਟ੍ਰੇਡ ਫੇਅਰ ਲਗਦਾ ਹੈ। ਇਸ ਤਰ੍ਹਾਂ ਦੇ ਹੋਰ ਮੇਲੇ ਵੀ ਲਗਦੇ ਹਨ? ਜਿਨ੍ਹਾਂ ਨੂੰ ਅਸੀਂ ਵਿਸ਼ਵ ਮੇਲਾ ਕਹਿੰਦੇ ਹਾਂ ਇਹ ਅਸਲ ਵਿਚ ਪ੍ਰਦਰਸ਼ਨੀ ਹੈ।ਮੇਲਾ ਤਾਂ ਬਹੁਤ ਪੁਰਾਣੀ ਚੀਜ਼ ਹੈ ਜਿਸ ਦੇ ਬਾਰੇ ਦੱਸਣਾ ਮੁਸ਼ਕਿਲ ਹੈ ਕਿ ਉਹ ਸਭ ਤੋਂ ਪਹਿਲਾਂ ਕਦੋਂ ਲਗਿਆ। ਮੇਲਾ ਚੀਜ਼ਾਂ ਨੂੰ ਵੇਚਣ ਅਤੇ ਵਿਉਪਾਰ ਕਰਨ ਦੀ ਮਸ਼ਹੂਰ ਅਤੇ ਪ੍ਰਾਚੀਨ ਪਰੰਪਰਾ ਹੈ ਲੇਕਿਨ ਦੂਜੇ ਪਾਸੇ ਪ੍ਰਦਰਸ਼ਨੀ ਦਾ ਬਿਲਕੁਲ ਵੱਖਰਾ ਉਦੇਸ਼ ਹੈ। ਇਹਨਾਂ ਵਿਚ ਉਦਯੋਗਿਕ ਅਤੇ ਆਰਟਿਸਟਿਕ ਵਿਕਾਸ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਜਿਸ ਦਾ ਸੰਬੰਧ ਕਿਸੇ ਖਾਸ ਦੇਣ ਜਾਂ ਖਾਸ ਸਮੇਂ ਨਾਲ ਹੁੰਦਾ ਹੈ। ਦ ਗ੍ਰੇਟ ਏਗਜ਼ੀਬੀਸ਼ਨ ਆਫ ਦਾ ਵਰਕਸ ਆਫ ਇੰਡਸਟਰੀਜ ਆਫ ਆਲ ਨੇਸ਼ਨਸ, ਲੰਡਨ ਹਾਈਡ ਪਾਰਕ ਵਿਚ 1851 ਨੂੰ ਲਾਇਆ ਗਿਆ। ਇਹ ਪ੍ਰਦਰਸ਼ਨੀ ਕ੍ਰਿਸਟਲ ਬੈਨਿਸ ਨਾਮਕ ਇਕ ਬਿਲਡਿੰਗ ਵਿਚ ਲੱਗੀ ਸੀ ਜੋ ਕਿ ਪੂਰੀ ਤਰ੍ਹਾਂ ਲੋਹੇ ਅਤੇ ਕੱਚ ਨਾਲ ਬਣਾਈ ਗਈ ਸੀ। 1936 ਵਿਚ ਇਹ ਅੱਗ ਨਾਲ ਨਸ਼ਟ ਹੋ ਗਈ। ਉਂਜ ਅਮਰੀਕਾ ਵਿਚ ਪਹਿਲੀ ਅੰਤਰਰਾਸ਼ਟਰੀ ਪ੍ਰਦਰਸ਼ਨੀ 1853 ਵਿਚ ਨਿਊਯਾਰਕ ਵਿਚ ਲਗੀ ਸੀ। 23 ਦੇਸ਼ਾਂ ਦੇ ਲਗਭਗ ਪੰਜ ਹਜਾਰ ਲੋਕਾਂ ਨੇ ਇਸ ਵਿਚ ਹਿੱਸਾ ਲਿਆ ਲੇਕਿਨ ਇਹ ਫਿਰ ਵੀ ਨਕਾਮ ਰਹੀ।ਅਮਰੀਕਾ ਵਿਚ ਪਹਿਲੀ ਪ੍ਰਦਰਸ਼ਨੀ ਸੇਂਟੀਨੀਅਲ ਕੀਤੀ ਗਈ ਜੋ ਅਮਰੀਕਾ ਦੀ ਆਜਾਦੀ ਦੇ 100 ਸਾਲ ਪੂਰੇ ਹੋਣ ਤੇ 1876 ਵਿਚ ਫਿਲਡੇਲਫਿਆ ਪੇਂਸਿਲਵੇਨਿਆ ਵਿਚ ਲਗਾਈ ਗਈ ਸੀ। ਅਲੈਕਜ਼ੈਂਡਰ, ਗ੍ਰਾਹਮ ਬੇਲ ਨੇ ਆਪਣੇ ਟੈਲੀਫੋਨ ਦਾ ਪਹਿਲੀ ਵਾਰ ਪ੍ਰਦਰਸ਼ਨ ਸੇਂਟੀਨੀਅਲ ਵਿਚ ਹੀ ਕੀਤਾ ਸੀ। ਹੋਰ ਮੁੱਖ ਪ੍ਰਦਰਸ਼ਨੀਆਂ 1951 ਦੀ ਫੇਸਟੀਵਲਸ ਆਫ ਬ੍ਰੀਟੇਨ ਅਤੇ ਕਨਾਡਾ ਦਾ ਏਕਪੋ 67 ਹਨ।



ਬਲਵਿੰਦਰ ਬਾਲਮ

# ਸਾਡੇ ਵਿਹੜੇ ਜਾਮਨ ਦਾ ਰੁੱਖ

ਦਾਦਾ-ਦਾਦੀ ਨੇ ਸੀ ਲਾਇਆ।
ਇਸ ਦਾ ਬਾਪੂ ਵਰਗਾ ਸਾਇਆ।
ਦੇਵੇ ਸਭਨਾਂ ਨੂੰ ਸੁੱਖ ਹੀ ਸੁੱਖ।
ਸਾਡੇ ਵਿਹੜੇ ਜਾਮਨ ਦਾ ਰੁੱਖ।

ਸਮਝੋ ਇਹ ਬੜੀ ਸਵਾਦ ਦਵਾਈ
ਜਿਸ ਨੇ ਖਾਧੇ ਸਿਹਤ ਬਣਾਈ।
ਦੂਰ ਭਜਾਏ ਲੱਖਾਂ ਹੀ ਦੁੱਖ।
ਸਾਡੇ ਵਿਹੜੇ ਜਾਮਨ ਦਾ ਰੁੱਖ।

ਇਸ ਦਾ ਜਿਸ ਥਾਂ ਉਪਰ ਵਾਸਾ।
ਮੌਸਮ ਦੇਵੇ ਇਕ ਦਿਲਾਸਾ।
ਭਾਗਾਂ ਵਾਲੀ ਧਰਤੀ ਦੀ ਕੁੱਖ।
ਸਾਡੇ ਵਿਹੜੇ ਜਾਮਨ ਦਾ ਰੁੱਖ।

ਇਸ ਚੋਂ ਚਾਚੇ ਤਾਏ ਦਿਸਦੇ।
ਦੋਸਤ ਤੇ ਮਾਂ ਜਾਏ ਦਿਸਦੇ।
ਵੇਖ ਲਵਾਂ ਤਾਂ ਲਹਿ ਜਾਏ ਭੁੱਖ।
ਸਾਡੇ ਵਿਹੜੇ ਜਾਮਨ ਦਾ ਰੁੱਖ।

ਕਾਲਾ ਹੈ ਪਰ ਖਾਣ 'ਚ ਮਿੱਠਾ।
ਇਸ ਦਾ ਫਲ ਮੈਂ ਖਾ ਕੇ ਡਿੱਠਾ।
'ਬਾਲਮ' ਹਰ ਫਲ ਚੋਂ ਪ੍ਰਮੁੱਖ।
ਸਾਡੇ ਵਿਹੜੇ ਜਾਮਨ ਦਾ ਰੁੱਖ।



❑ ਘਨਸ਼ਿਆਮ ਬਾਦਲ

# ਕਰ ਦਿਓ ਖੁਸ਼ ਪਾਪਾ ਨੂੰ

**ਦੁਨੀਆ** ਇਸ ਗੱਲ ਦੀ ਗਵਾਹ ਹੈ ਕਿ ਭਾਵੇਂ ਮਾਂ ਆਪਣੇ ਬੱਚਿਆਂ ਤੇ ਜਾਨ ਛਿੜਕਦੀ ਹੋਵੇ, ਭਾਵਨਾਤਮਕ ਰੂਪ ਨਾਲ ਉਹਨਾਂ ਦੇ ਜਿਆਦਾ ਨੇੜੇ ਹੋਵੇ ਪਰ ਜਿਸ ਦੇ ਦਮ ਤੇ ਸਾਰੇ ਅੜਦੇ-ਲੜਦੇ ਹਨ, ਜਿਸ ਨੂੰ ਆਪਣਾ ਹੀਰੋ ਮੰਨਦੇ ਹਨ, ਰੋਲ-ਮਾਡਲ ਬਣਾਉਂਦੇ ਹਨ ਉਹ ਹੋਰ ਕੋਈ ਨਹੀਂ ਬਲਕਿ ਉਹਨਾਂ ਦੇ ਪਿਤਾ ਹਨ ਜਿਸ ਨੂੰ ਸਭ ਤੋਂ ਜਿਆਦਾ ਆਪਣੀਆਂ ਖਾਹਿਸ਼ਾਂ ਦੱਸਦੇ ਹਨ, ਅਤੇ ਉਹਨਾਂ ਤੋਂ ਪੂਰੀ ਕਰਾਉਂਦੇ ਹਨ।

ਬੱਚੇ ਹੀ ਕਿਉਂ ਪਿਤਾ ਵੀ ਆਪਣੇ ਬੱਚਿਆਂ ਲਈ ਦਿਨ ਰਾਤ ਇਕ ਕਰ ਦਿੰਦੇ ਹਨ, ਉਹਨਾਂ ਦੇ ਜ਼ਰੀਏ ਉਹ ਆਪਣੇ ਅਧੂਰੇ ਸੁਪਨੇ ਪੂਰੇ ਕਰਦੇ ਹਨ, ਉਹਨਾਂ ਵਿਚ ਆਪਣੇ ਅੰਸ਼ ਅਤੇ ਵੰਸ਼ ਦਾ ਭਵਿਖ ਤਲਾਸ਼ਦੇ ਹਨ। ਗਰੀਬ ਤੋਂ ਗਰੀਬ ਪਿਤਾ ਤੋਂ ਲੈ ਕੇ ਅਰਬਪਤੀ ਵੀ ਆਪਣੇ ਬੱਚਿਆਂ ਲਈ ਉਹ ਸਭ ਕੁਝ ਕਰਦੇ ਹਨ, ਜੋ ਕਰ ਸਕਦੇ ਹਨ। ਇਹੀ ਹੈ ਪਿਤਾ ਦਾ ਬੱਚਿਆਂ ਲਈ ਹਮੇਸ਼ਾ ਨਾਂ ਦਿਸਣ ਵਾਲਾ ਪਿਆਰ। ਜ਼ਿਆਦਾਤਰ ਬੱਚਿਆਂ ਨੂੰ ਲੱਗਦਾ ਹੈ ਕਿ ਪਾਪਾ ਕੁਝ ਜਿਆਦਾ ਹੀ ਕਠੋਰ ਹਨ, ਪਰ ਪਾਪਾ ਉਹਨਾਂ ਦੇ ਭਵਿੱਖ ਬਾਰੇ ਕੀ ਸੋਚਦੇ ਹਨ, ਇਹ ਸਮਝ ਆਉਣ ਵਿਚ ਉਹਨਾਂ ਨੂੰ ਸਮਾਂ ਲਗਦਾ ਹੈ। ਪਾਪਾ ਦੀ ਚਿੰਤਾ ਉਹਨਾਂ ਨੂੰ ਕਠੋਰਤਾ ਨਜ਼ਰ ਆਉਂਦੀ ਹੈ ਪਰ ਪਾਪਾ ਕਿਸੇ ਨਾਲ ਵੀ ਟਕਰਾਉਣ ਤੋਂ ਨਹੀਂ ਡਰਦੇ ਹਨ। ਦਰਅਸਲ, ਪਾਪਾ ਕ੍ਰੀਮਰੋਲ ਵਰਗੇ ਹੁੰਦੇ ਹਨ, ਉੱਤੋਂ ਸਖਤ ਅਤੇ ਅੰਦਰੋਂ ਮਿੱਠੇ ਅਤੇ ਨਰਮ।

ਪਿਤਾ ਅਤੇ ਸੰਤਾਨ ਦਾ ਰਿਸ਼ਤਾ ਅਦਭੁਤ ਹੈ। ਦੁਨੀਆ ਦੇ ਵੱਖ-ਵੱਖ ਕੋਨਿਆਂ ਵਿਚ ਵੱਖ-ਵੱਖ ਨਾਂ ਨਾਲ ਜਾਨਣ ਵਾਲੇ ਇਸ ਸਭ ਤੋਂ ਕੀਮਤੀ ਰਿਸ਼ਤੇ ਦੀ

ਗੱਲ ਹੀ ਐਸੀ ਹੈ ਕਿ ਪਿਤਾ ਦੇ ਨੇੜੇ ਆਉਂਦੇ ਹੀ ਬੱਚਿਆਂ ਨੂੰ ਇੰਜ ਲਗਦਾ ਹੈ ਜਿਵੇਂ ਉਹ ਛਾਵੇਂ ਆ ਗਏ ਹੋਣ, ਜਿਵੇਂ ਉਹਨਾਂ ਨੂੰ ਇਕ ਕਵਚ ਮਿਲ ਗਿਆ ਹੋਵੇ ਜਿਸ ਨੂੰ ਦੁਨੀਆ ਦੀ ਕੋਈ ਵੀ ਤਾਕਤ ਤੋੜ ਨਹੀ ਸਕਦੀ। ਆਧੁਨਿਕਤਾ ਦੇ ਇਸ ਦੌਰ ਵਿਚ ਵੀ ਜਦੋਂ ਸੰਬੰਧ ਟੁੱਟ ਰਹੇ ਹਨ ਤਦ ਵੀ ਪਿਤਾ ਅਤੇ ਬੱਚਿਆਂ ਦੇ ਸੰਬੰਧਾਂ ਉਤੇ ਬਹੁਤ ਜ਼ਿਆਦਾ ਫਰਕ ਨਹੀਂ ਪਿਆ ਅਤੇ ਇਸ ਰਿਸ਼ਤੇ ਨੇ ਆਪਣੀ ਮਹੱਤਤਾ ਬਣਾਈ ਹੋਈ ਹੈ। ਬੇਸ਼ਕ ਸਮੇਂ ਦੇ ਨਾਲ ਇਸ ਰਿਸ਼ਤੇ ਵਿਚ ਵੀ ਬਦਲਾਵ ਵੇਖਿਆ ਜਾ ਰਿਹਾ ਹੈ ਪਰ ਅੱਜ ਵੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਪਿਤਾ ਦੇ ਰਿਸ਼ਤੇ ਨੂੰ ਨਾ ਕੇਵਲ ਬਹੁਤ ਹੀ ਸਨਮਾਨ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ ਸਗੋਂ ਇਸ ਉਤੇ ਅੱਜ ਵੀ ਪੂਰਾ- ਪੂਰਾ ਵਿਸ਼ਵਾਸ ਕੀਤਾ ਜਾ ਸਕਦਾ ਹੈ। ਪਿਤਾ ਦਾ ਮਹੱਤਵ ਜਿੰਨਾਂ ਭਾਰਤ ਵਰਗੇ ਦੇਸ਼ ਵਿਚ ਹੈ ਸ਼ਾਇਦ ਹੀ ਕਿਤੇ ਹੋਰ ਵੇਖਿਆ ਜਾਂਦਾ ਹੋਵੇ। ਇਥੇ ਪਾਪਾ ਦੀ ਜਗ੍ਹਾ ਆਕਾਸ਼ ਵਰਗੀ ਹੈ, ਜਿਨ੍ਹਾਂ ਉਤੇ ਪੂਰਾ ਪਰਿਵਾਰ ਅੱਖ ਬੰਦ ਕਰਕੇ ਵਿਸ਼ਵਾਸ ਕਰਦਾ ਹੈ। ਪਾਪਾ ਆਪਣੇ ਸੁਪਨਿਆਂ ਨੂੰ ਬੱਚਿਆਂ ਦੇ ਮਾਧਿਅਮ ਦੁਆਰਾ ਪੂਰਾ ਹੁੰਦੇ ਵੇਖਣਾ ਚਾਹੁੰਦੇ ਹਨ।

ਸੰਤਾਨ ਦੇ ਰੂਪ ਵਿਚ ਸਾਨੂੰ ਇਹ ਸਮਝਣਾ ਹੋਵੇਗਾ ਕਿ ਪਾਪਾ ਦਾ ਮਤਲਬ ਏ.ਟੀ. ਐਮ ਨਹੀਂ ਹੈ, ਜਿਸ ਨਾਲ ਕੇਵਲ ਰੁਪਏ ਹੀ ਕੱਢੇ ਜਾਂਦੇ ਹਨ, ਬਲਕਿ ਜਿਵੇਂ ਉਹ ਸਾਡੀਆਂ ਭਾਵਨਾਵਾਂ ਨੂੰ ਸਮਝਦੇ ਹਨ, ਸਾਨੂੰ ਵੀ ਉਸੇ ਤਰ੍ਹਾਂ ਉਹਨਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਆਪਣੀ ਜਵਾਨੀ ਵਿਚ ਉਹਨਾਂ ਨੇ ਸਾਨੂੰ ਉਹ ਸਭ ਦਿੱਤਾ ਜਿਸ ਦੀ ਸਾਨੂੰ ਲੋੜ ਸੀ, ਉਸੇ ਤਰ੍ਹਾਂ ਬੁਢਾਪੇ ਵਿਚ ਅਸੀਂ ਵੀ ਉਹਨਾਂ ਦਾ ਧਿਆਨ ਰਖਣਾ ਹੈ। ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਹਨ। ਜੇ ਤੁਸੀਂ ਇਹ ਫਰਜ਼ ਨਿਭਾਉਗੇ ਤਾਂ ਇਹੀ ਫਾਦਰਸ ਡੇ ਤੇ ਪਿਤਾ ਦੇ ਪ੍ਰਤੀ ਸੱਚੀ ਸ਼ਰਧਾ ਹੋਵੇਗੀ।

ਪਾਪਾ ਨੂੰ ਖੁਸ਼ ਕਰਨਾ ਵੈਸੇ ਵੀ ਕੋਈ ਮੁਸ਼ਕਿਲ ਕੰਮ ਨਹੀਂ ਹੈ। ਉਹਨਾਂ ਨੂੰ ਖੁਸ਼ ਕਰਨ ਲਈ ਉਹਨਾਂ ਦੀ ਪਸੰਦ ਦਾ ਕੰਮ ਕਰੋ, ਤੋਹਫੇ ਦੇ ਰੂਪ ਵਿਚ ਉਹਨਾਂ ਨੂੰ ਇਕ ਚੰਗੀ ਜਿਹੀ ਟਾਈ ਜਾਂ ਫਿਰ ਰੁਮਾਲ ਨਾਲ ਵੀ ਖੁਸ਼ ਕੀਤਾ ਜਾ ਸਕਦਾ ਹੈ। ਸਵੇਰੇ-ਸਵੇਰੇ ਉਹਨਾਂ ਦੇ ਕਮਰੇ ਵਿਚ ਇਕ ਮਹਿਕਦੀ ਖੁਸ਼ਬੂ ਦਾ ਬੁਕੇ ਰੱਖ ਦਿਉ ਜਾਂ ਆਫਿਸ ਤੋਂ ਆਉਣ ਤੇ ਉਹਨਾਂ ਦੀ ਪਸੰਦ ਦਾ ਗਰਮਾ-ਗਰਮ ਨਾਸ਼ਤਾ ਆਪਣੇ ਹੱਥਾਂ ਨਾਲ ਪਰੋਸੋ। ਲਾਈਫਲਾਂਗ ਹੈਪੀਨੈਸ ਦੇਣੀ ਹੈ ਤਾਂ ਪਰੀਖਿਆ ਵਿਚ ਟਾਪ ਕਰੋ। ਕੈਰੀਅਰ ਵਿਚ ਪਰਮੋਸ਼ਨ ਨੂੰ ਉਹਨਾਂ ਦੇ ਨਾਂ ਕਰ ਦਿਉ, ਉਹਨਾਂ ਨੂੰ ਖੁਸ਼ੀ ਦੇ ਮੌਕਿਆਂ ਤੇ ਆਪਣੇ ਨਾਲ ਲੈ ਜਾਉ, ਤੁਹਾਡੇ ਕੈਰੀਅਰ ਦੇ ਪ੍ਰਤੀ ਉਹਨਾਂ ਦੀਆਂ ਚਿੰਤਾਵਾਂ ਨੂੰ ਦੂਰ-ਕਰ ਦਿਉ ਤਾਂ ਪਾਪਾ ਵਾਹ-ਵਾਹ ਕਰ ਉਠਣਗੇ। ਇਸ ਦੇ ਇਲਾਵਾ ਵੀ ਕਈ ਇਹੋ ਜਿਹੇ ਤਰੀਕੇ ਹਨ, ਜਿਸ ਨਾਲ ਪਾਪਾ ਨੂੰ ਖੁਸ਼ ਕੀਤਾ ਜਾ ਸਕਦਾ ਹੈ। 'ਫਾਦਰਸ ਡੇ' ਤੇ ਪਾਪਾ ਨੂੰ ਕਿਵੇਂ ਖੁਸ਼ ਕਰਨਾ ਹੈ ,ਪਹਿਲਾਂ ਤੋਂ ਸੋਚ ਲਉ। ਉਹਨਾਂ ਨੂੰ ਖੁਸ਼ ਕਰਨ ਦਾ ਮਤਲਬ ਹੈ ਢੇਰ ਸਾਰੇ ਅਸ਼ੀਰਵਾਦ ।

**ਬੱਚਿਉ ! ਲੈ ਹੀ ਲਉ ਪਾਪਾ ਦੀਆਂ ਪਿਆਰੀਆਂ-ਪਿਆਰੀਆਂ ਦੁਆਵਾਂ।**



# ਹਾਸਾ ਖੇਡਾ

ਮਹਿਮਾਨ : ਬੇਟਾ, ਤੇਰਾ ਜਨਮ ਕਿਸ ਦਿਨ ਹੋਇਆ ਸੀ।
ਬੱਚਾ : ਸ਼ੁਕਰਵਾਰ ਨੂੰ ਅਤੇ ਤੁਹਾਡਾ?
ਮਹਿਮਾਨ ; ਐਤਵਾਰ ਨੂੰ।
ਬੱਚਾ : ਝੂਠ। ਐਤਵਾਰ ਨੂੰ ਤਾਂ ਛੁੱਟੀ ਹੁੰਦੀ ਹੈ।

- - - -

ਪਿਤਾ : ਤੁਹਾਡੀ ਕਲਾਸ ਵਿਚ ਮਿਹਨਤੀ ਬੱਚਾ ਕੌਣ ਹੈ?
ਬੇਟਾ : ਜੀ , ਮੈਂ ਹਾਂ।
ਪਿਤਾ : ਉਹ ਕਿਵੇਂ?
ਬੇਟਾ : ਜਦ ਸਾਰੇ ਬੱਚੇ ਬੈਂਚ ਉਤੇ ਬੈਠੇ ਹੁੰਦੇ ਸਨ, ਉਸ ਸਮੇਂ ਮੈਂ ਬੈਂਚ ਉਤੇ ਖੜ੍ਹਾ ਰਹਿੰਦਾ ਹਾਂ।

- ਵਿਕਾਸ ਕੁਮਾਰ

ਮੰਮੀ : ਬਬਲੂ, ਤੂੰ ਅੱਜ ਸਕੂਲ ਤੋਂ ਜਲਦੀ ਕਿਉਂ ਆ ਗਿਆ?
ਬਬਲੂ : ਮੰਮੀ, ਮੇਰਾ ਗਬਰੂ ਦੇ ਨਾਲ ਝਗੜਾ ਹੋ ਗਿਆ ਅਤੇ ਸਰ ਨੇ ਮੈਨੂੰ ਕਲਾਸ ਤੋਂ ਬਾਹਰ ਕੱਢ ਦਿੱਤਾ।



ਮੰਮੀ : ਲੇਕਿਨ ਤੂੰ ਗਬਰੂ ਦੇ ਨਾਲ ਝਗੜਾ ਕਿਉਂ ਕੀਤਾ?
ਬਬਲੂ : ਕਿਉਂਕਿ ਮੈਂ ਅੱਜ ਜਲਦੀ ਘਰ ਆਉਣਾ ਸੀ।

- ਨਿਹਾਰਿਕਾ ਕੰਡਾ (ਤਲਵੰਡੀ ਭਾਈ)

ਰਾਜੂ ਡਰਾਈਂਗਰੂਮ ਦੀਆਂ ਦੀਵਾਰਾਂ ਉਤੇ ਡਰਾਈਂਗ ਬਣਾ ਰਿਹਾ ਸੀ। ਉਸ ਦੀ ਮੰਮੀ ਨੇ ਗੁੱਸੇ ਵਿਚ ਆ ਕੇ ਰਾਜੂ ਨੂੰ ਕਿਹਾ -

ਰਾਜੂ ਇਹ ਕੀ ਕਰ ਰਿਹਾ ਏਂ?

ਰਾਜੂ ਬੋਲਿਆ - ਮੰਮੀ, ਇਹ ਡਰਾਈਂਗਰੂਮ ਹੈ, ਇਸ ਲਈ ਮੈਂ ਦੀਵਾਰਾਂ ਉਤੇ ਡਰਾਈਂਗ ਕਰ ਰਿਹਾ ਹਾਂ।



- - - -

ਬੱਚੇ ਨੇ ਆਪਣੇ ਪਿਤਾ ਨੂੰ ਪੁੱਛਿਆ - ਪਿਤਾਜੀ ! ਕੀ ਤੁਸੀਂ ਅੱਖ ਬੰਦ ਕਰ ਕੇ ਸਾਈਨ ਕਰ ਸਕਦੇ ਹੋ?

ਪਿਤਾ ਨੇ ਕਿਹਾ - ਹਾਂ ! ਕਿਉਂ ਨਹੀਂ। ਇਕਦਮ ਆਸਾਨੀ ਨਾਲ ਕਰ ਸਕਦਾ ਹਾਂ।
ਬੱਚਾ - ਤਾਂ ਫਿਰ ਤੁਸੀਂ ਮੇਰੇ ਰਿਪੋਰਟ ਕਾਰਡ ਉਤੇ ਅੱਖ ਬੰਦ ਕੇ ਸਾਈਨ ਕਰ ਦਿਉ।

- - - -

ਮੈਡਮ - ਅਰਪਿਤਾ ਤੇਰਾ ਘਰ ਕਿੱਥੇ ਹੈ?
ਅਰਪਿਤਾ - ਨਿਸ਼ਠਾ ਦੇ ਘਰ ਦੇ ਸਾਹਮਣੇ।
ਮੈਡਮ - ਨਿਸ਼ਠਾ ਦਾ ਘਰ ਕਿੱਥੇ ਹੈ?
ਅਰਪਿਤਾ- ਮੇਰੇ ਘਰ ਦੇ ਸਾਹਮਣੇ
ਮੈਡਮ - ਤੁਹਾਡੇ ਦੋਹਾਂ ਦਾ ਘਰ ਕਿੱਥੇ ਹੈ?
ਅਰਪਿਤਾ - ਆਹਮਣੇ-ਸਾਹਮਣੇ।

- ਨੀਰਜ ਚੌਧਰੀ (ਜੰਮੂ)

ਇਕ ਕੈਦੀ ਨੇ ਦੂਜੇ ਕੈਦੀ ਨੂੰ ਪੁਛਿਆ - ਕੋਈ ਤੈਨੂੰ ਮਿਲਣ ਕਿਉਂ ਨਹੀਂ ਆਉਂਦਾ?
ਦੂਜੇ ਕੈਦੀ ਨੇ ਜਵਾਬ ਦਿੱਤਾ - ਰਿਸ਼ਤੇਦਾਰ ਤਾਂ ਬਹੁਤ ਸਾਰੇ ਹਨ ਪਰ ਇਥੇ ਜੇਲ ਵਿਚ ਹੀ ਹਨ।



- - - -

ਵਿਦਿਆਰਥੀ : ਸਰ ਅਸੀਂ ਜੇ ਕੁਝ ਨਾ ਵੀ ਕਰੀਏ ਤਾਂ ਤੁਸੀਂ ਸਾਨੂੰ ਸਜ਼ਾ ਦੇਵੋਗੇ?
ਸਰ : ਨਹੀਂ।
ਵਿਦਿਆਰਥੀ : ਤਾਂ ਸਭ ਠੀਕ ਹੈ, ਅੱਜ ਮੈ ਹੋਮਵਰਕ ਨਹੀਂ ਕੀਤਾ।

- - - -

ਪਿੰਟੂ : ਮੰਮੀ , ਮੈਨੂੰ ਖਾਂਸੀ ਦੀ ਦਵਾਈ ਦਿਉ।
ਮੰਮੀ : ਬੇਟਾ , ਤੂੰ ਕੀ ਕਰਨਾ ਹੈ?
ਪਿੰਟੂ : ਮੰਮੀ ਟੇਪਰਿਕਾਰਡਰ ਵਿਚ ਖਰ-ਖਰ ਦੀ ਆਵਾਜ਼ ਆ ਰਹੀ ਹੈ, ਇਸ ਲਈ ਮੈਂ ਉਸ ਵਿਚ ਥੋੜੀ ਦਵਾਈ ਪਾਣੀ ਹੈ।

- - - -

- ਰਾਹੁਲ ਕੁਮਾਰ (ਸੰਤ ਨਗਰ)

ਮੰਮੀ - ਬੇਟੇ ਤੇਰੇ ਪੈਰ ਵਿਚ ਦਰਦ ਹੋ ਰਿਹਾ ਹੈ। ਤੂੰ ਦਰਦ ਦੀ ਗੋਲੀ ਖਾ ਲੈ। ਦਰਦ ਠੀਕ ਹੋ ਜਾਵੇਗਾ।
ਬੇਟਾ - ਲੇਕਿਨ ਮੰਮੀ ਗੋਲੀ ਨੂੰ ਇਹ ਕਿਵੇਂ ਪਤਾ ਲਗੇਗਾ ਕਿ ਮੇਰੇ ਕਿਸ ਪੈਰ ਵਿਚ ਦਰਦ ਹੋ ਰਿਹਾ ਹੈ।

- ਕੁਮਾਰੀ ਨੇਹਾ

- - - -

ਜੁੜਵਾਂ ਬੱਚੇ ਅਪਣੇ ਕਮਰੇ ਵਿਚ ਬੈਠੇ ਸੀ। ਇਕ ਹੱਸ-ਹੱਸ ਕੇ ਲੋਟ-ਪੋਟ ਹੋ ਰਿਹਾ ਸੀ, ਜਦਕਿ ਦੂਸਰਾ ਉਦਾਸ ਸੀ।
ਪਿਤਾ - ਐਨਾਂ ਕਿਉਂ ਹੱਸ ਰਹੇ ਹੋ?
ਬੱਚਾ - ਐਨੀ ਠੰਡ ਵਿਚ ਮੰਮੀ ਨੇ ਦੋਨੋਂ ਵਾਰ ਇਸ ਨੂੰ ਨਹਿਲਾ ਦਿੱਤਾ।



- - - -

ਵਿਦਿਤ ਰੋਜ਼ ਆਪਣੀ ਗੁਆਂਢਣ ਦੇ ਘਰ ਦੀ ਬੈਲ ਵਜਾਉਂਦਾ ਸੀ ਅਤੇ ਭੱਜ ਜਾਂਦਾ ਸੀ।
ਇਕ ਦਿਨ ਗੁਆਂਢਣ ਨੇ ਉਸ ਨੂੰ ਫੜ ਕੇ ਪੁੱਛਿਆ, ਇਹ ਕੀ ਹਰਕਤ ਹੈ?
ਵਿਦਿਤ ਬੋਲਿਆ - ਇਹ ਮੈਂ ਮਿਸ ਬੈਲ ਮਾਰਦਾ ਹਾਂ।

- ਸੰਨੀ ਨਿਰੰਕਾਰੀ



❑ ਈਲੂ ਰਾਣੀ

# ਜੀਵਨ ਵਿਚ ਮਿਠਾਸ ਘੋਲੋ

ਰੋਜ਼ ਦੀ ਤਰ੍ਹਾਂ ਉਸ ਦਿਨ ਵੀ ਗੁਲਾਬ ਦੇ ਪੌਦੇ ਉਤੇ ਚਾਰ-ਪੰਜ ਫੁੱਲ ਖਿੜੇ ਸਨ। ਭੰਵਰੇ ਨੇ ਆ ਕੇ ਫੁੱਲਾਂ ਨੂੰ ਚੁੰਮਿਆ ਅਤੇ ਕਿਹਾ – ਗੁੱਡ ਮੋਰਨਿੰਗ।

ਫੁੱਲ ਕੁਝ ਕਹਿੰਦੇ ਇਸ ਤੋਂ ਪਹਿਲਾਂ ਹੀ ਗੁਲਾਬ ਦਾ ਪੌਦਾ ਬੋਲ ਪਿਆ – ਭਰਾ ! ਇਹ ਮੇਰੇ ਫੁੱਲ ਤੈਨੂੰ ਨਹੀਂ ਜਾਣਦੇ। ਮੇਰੇ ਉਤੇ ਤਾਂ ਕਈ ਫੁੱਲ ਖਿੜਦੇ ਹਨ। ਜੋ ਅੱਜ ਖਿੜਿਆ ਹੈ ਉਹ ਸ਼ਾਇਦ ਹੀ ਦੂਜੇ ਦਿਨ ਦਾ ਸੂਰਜ ਵੇਖੇ। ਜੇਕਰ ਕੋਈ ਫੁੱਲ ਬਚ ਵੀ ਜਾਂਦਾ ਹੈ ਤਾਂ ਚਾਹੁਣ ਵਾਲੇ ਬਹੁਤ ਹਨ। ਉਹ ਤੋੜ ਕੇ ਲੈ ਜਾਂਦੇ ਹਨ। ਤੇਰੇ ਗੁੱਡ ਮੋਰਨਿੰਗ ਦਾ ਮਤਲਬ ਵਿਚਾਰੇ ਮੇਰੇ ਫੁੱਲ ਕੀ ਜਾਨਣ?

ਇਹ ਸੁਣ ਕੇ ਭੰਵਰਾ ਹੈਰਾਨੀ ਨਾਲ ਕਹਿਣ ਲੱਗਾ – ਮੈਂ ਤਾਂ ਫੁੱਲਾਂ ਨੂੰ ਸਵੇਰ ਦਾ ਨਮਸਕਾਰ ਕੀਤਾ ਸੀ, ਕਿਸ ਦਾ ਕਿੰਨਾ ਜੀਵਨ ਹੈ ਇਹ ਤਾਂ ਰੱਬ ਹੀ ਜਾਣਦਾ ਹੈ ਲੇਕਿਨ ਬੋਲਣ-ਚਾਲਣ ਨਾਲ ਕੋਈ ਕਿਸੇ ਦਾ ਕੁਝ ਲੈ ਥੋੜੀ ਜਾ ਸਕਦਾ ਹੈ।

– ਭੰਵਰੇ ਭਰਾ ! ਤੇਰਾ ਕਹਿਣਾ ਸੱਚ ਹੈ, ਲੇਕਿਨ ਮੇਰੇ ਸ਼ਰੀਰ ਉਤੇ ਕੰਡੇ ਹਨ। ਮੈਨੂੰ ਇਹਨਾਂ ਦੀ ਚੁਭਨ ਦਿਨ-ਰਾਤ ਸਤਾਇਆ ਕਰਦੀ ਹੈ। ,ਜਦ ਕੋਈ ਮੇਰੇ ਫੁੱਲਾਂ ਨੂੰ ਤੋੜਦਾ ਹੈ ਤਾਂ ਚੁਭਨ ਹੋਰ ਵੀ ਵੱਧ ਜਾਂਦੀ ਹੈ। ਜਿਨ੍ਹਾਂ ਫੁੱਲਾਂ ਲਈ ਮੈਂ ਚੁਭਨ ਸਹਿਨ ਕਰਦਾ ਹਾਂ, ਉਹਨਾਂ ਨੂੰ ਹੋਰ ਕੋਈ ਲੈ ਜਾਂਦਾ ਹੈ। ਬਿਨਾਂ ਫੁੱਲਾਂ ਦੇ ਮੈਂ ਫਿਰ ਤੋਂ ਕੱਲਾ ਹੋ ਜਾਂਦਾ ਹਾਂ, ਜਦ ਕਈ ਦਿਨਾਂ ਤਕ ਮੈਂ ਫੁੱਲ ਪੈਦਾ ਨਹੀ ਕਰਦਾ ਤਾਂ ਮਾਲੀ ਕੈਂਚੀ ਨਾਲ ਮੇਰੀ ਛਟਾਈ ਕਰ ਦਿੰਦਾ ਹੈ। ਇਸ ਨਾਲ ਮੇਰਾ ਦੁਖ ਹੋਰ ਵੀ ਵੱਧ ਜਾਂਦਾ ਹੈ।

ਗੁਲਾਬ ਦੇ ਪੌਦੇ ਦੀ ਗੱਲ ਨੂੰ ਭੰਵਰੇ ਦੇ ਨਾਲ ਨਾਲ ਤਿਤਲੀ ਅਤੇ ਸ਼ਹਿਦ ਦੀ ਮੱਖੀ ਵੀ ਸੁਣ ਰਹੀ ਸੀ।

ਤਿਤਲੀ ਬੋਲੀ – ਜੀਵਨ ਵਿਚ ਸਭ ਨੂੰ ਪਿਆਰ ਵੰਡੋ, ਇਹੀ ਖੁਸ਼ੀ ਹੈ।

ਸ਼ਹਿਦ ਦੀ ਮੱਖੀ ਬੋਲੀ – ਜ਼ਿੰਦਗੀ ਵਿਚ ਮਿਠਾਸ ਘੋਲੋ, ਦੂਜਿਆਂ ਦੀ ਸੇਵਾ ਹੀ ਜ਼ਿੰਦਗੀ ਹੈ। ਤਦ ਹੀ ਗੁਨਗੁਨ ਕਰਦੇ ਭੰਵਰੇ ਨੇ ਕਿਹਾ – ਤੁਹਾਡੇ ਦੋਹਾਂ ਦੀਆਂ ਗੱਲਾਂ ਵਿਚ ਵਜ਼ਨ ਹੈ। ਤੁਸੀਂ ਤਾਂ ਜ਼ਿੰਦਗੀ ਦੀ ਪਰਿਭਾਸ਼ਾ ਵਿਚ ਮਨੁੱਖਤਾ ਦਾ ਰੰਗ ਘੋਲ ਦਿੱਤਾ।

ਇਹ ਸੁਣ ਕੇ ਗੁਲਾਬ ਦੇ ਪੌਦੇ ਨੂੰ ਅਹਿਸਾਸ ਹੋਇਆ – ਸੱਚਮੁਚ ਜ਼ਿੰਦਗੀ ਵਿਚ ਪਿਆਰ ਵੰਡਣਾ, ਮਿਠਾਸ ਘੋਲਣਾ ਹੀ ਮਹਾਨ ਹੈ। ਹੁਣ ਉਹ ਤਿੰਨਾਂ ਨੂੰ ਕਹਿਣ ਲੱਗਾ – ਮੇਰੇ ਵਿਚ ਮਹਿਕ ਹੁੰਦੇ ਹੋਏ ਵੀ ਮੈਂ ਆਪਣੇ ਆਪ ਨੂੰ ਭੁੱਲ ਗਿਆ ਸੀ। ਬਸ ਇਸ ਪਲ ਤੋਂ ਮੈਂ ਇਹ ਸੰਕਲਪ ਲੈਂਦਾ ਹਾਂ ਕਿ ਮੈਂ ਆਪਣਾ ਦੁੱਖ ਕਿਸੇ ਦੇ ਸਾਹਮਣੇ ਨਹੀਂ ਆਉਣ ਦਿਆਂਗਾ। ਮੈਂ ਮਹਿਕ ਦੇ ਨਾਲ ਪਿਆਰ ਅਤੇ ਮਿਠਾਸ ਵੀ ਬੇਝਿਜਕ ਵੰਡਾਂਗਾ।

ਇਹ ਸੁਣ ਕੇ ਤਿਤਲੀ, ਭੰਵਰਾ ਅਤੇ ਸ਼ਹਿਦ ਦੀ ਮੱਖੀ ਬਹੁਤ ਖੁਸ਼ ਹੋਏ। ਉਹਨਾਂ ਨੇ ਵਾਰੀ ਵਾਰੀ ਨਾਲ ਫੁੱਲਾਂ ਨੂੰ ਚੁੰਮਿਆ। ਫੁੱਲਾਂ ਵਿਚੋਂ ਹਲਕੀ-ਹਲਕੀ ਮਹਿਕ ਦੇ ਨਾਲ ਆਵਾਜ਼ ਨਿਕਲੀ – 'ਸਵੇਰ ਦਾ ਨਮਸਕਾਰ'।

ਉਸ ਸਮੇਂ ਹੀ ਉਹਨਾਂ ਵਿਚ ਗਹਿਰੀ ਦੋਸਤੀ ਹੋ ਗਈ। ਹੁਣ ਤਿਤਲੀ, ਭੰਵਰਾ ਅਤੇ ਸ਼ਹਿਦ ਦੀ ਮੱਖੀ ਰੋਜ਼ ਗੁਲਾਬ ਉਤੇ ਆ ਕੇ ਮੰਡਰਾਉਣ ਲੱਗੇ। ■

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਪ੍ਰਸ਼ਨਾਂ ਦੇ ਉੱਤਰ 'ਲ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਉਤਰਾਖੰਡ ਰਾਜ ਦਾ ਪੁਰਾਣਾ ਨਾਂ ਕੀ ਸੀ?

ਪ੍ਰਸ਼ਨ 2) ਭਗਵਾਨ ਸ੍ਰੀ ਕ੍ਰਿਸ਼ਣ ਦੇ ਵੱਡੇ ਭਰਾ ਬਲਰਾਮ ਦਾ ਕਿਹੜਾ ਅਸਤਰ ਸੀ?

ਪ੍ਰਸ਼ਨ 3) ਅਰਜੁਨ ਤੋਂ ਛੋਟਾ ਅਤੇ ਸਹਿਦੇਵ ਤੋਂ ਵੱਡਾ ਪਾਂਡਵ ਕੌਣ ਸੀ?

ਪ੍ਰਸ਼ਨ 4) ਊਰਜਾ ਦਾ ਮਾਤ੍ਰਿਕ ਕੀ ਹੈ?

ਪ੍ਰਸ਼ਨ 5) ਸੰਦੇਸ਼ ਅਤੇ ਮਿਸ਼ਠੀ ਦੋਈ ਕਿਸ ਰਾਜ ਦੇ ਵਿਅੰਜਨ ਹਨ?

ਪ੍ਰਸ਼ਨ 6) ਆਗਰਾ ਵਿਚ ਸ਼ਾਹਜਹਾਂ ਰਾਹੀਂ ਆਪਣੀ ਪਤਨੀ ਮੁਮਤਾਜ ਦੀ ਯਾਦ ਵਿਚ ਬਣਵਾਏ ਗਏ ਮਕਬਰੇ ਦਾ ਨਾਂ ਕੀ ਹੈ?

ਪ੍ਰਸ਼ਨ 7) ਅਕਬਰ ਨਾਮਕ ਪੁਸਤਕ ਦੇ ਲੇਖਕ ਕੌਣ ਸਨ?

ਪ੍ਰਸ਼ਨ 8) ਕੌਡਾਈ ਝੀਲ ਤਾਮਿਲਨਾਡੂ ਦੇ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 9) ਸੰਨ 2016 ਦੀਆਂ ਓਲੰਪਿਕ ਖੇਡਾਂ ਕਿਸ ਦੇਸ਼ ਵਿਚ ਸਨ?

ਪ੍ਰਸ਼ਨ 10) ਉਤਰਾਖੰਡ ਰਾਜ ਦਾ ਹਾਈਕੋਰਟ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 11) ਮ੍ਰਿਤ ਸਾਗਰ ਜੋਰਡਨ ਕਿਸ ਦੇਸ਼ ਦੀ ਸੀਮਾ ਤੇ ਹੈ?

ਪ੍ਰਸ਼ਨ 12) ਕੋਲਕਾਤਾ ਵਿਚ ਸਥਿਤ ਸੰਗਮਰਮਰ ਨਾਲ ਬਣਿਆ ਕਿਹੜਾ ਸਮਾਰਕ ਮਹਾਰਾਣੀ ਵਿਕਟੋਰੀਆ ਦੀ ਯਾਦ ਵਿਚ ਬਣਾਇਆ ਗਿਆ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ









ਕਿੱਟੀ ! ਤੂੰ ਕਰੇਗੀ ਤਿਆਰੀ?
ਅਰੇ ਛੱਡੋ ! ਸਾਰੀ ਤਿਆਰੀ ਮੈਂ ਖੁਦ ਕਰ ਲਵਾਂਗੀ।
ਵੇਖੋ ! ਮੈਂ ਸਾਰੀ ਲਾਈਟਸ ਲੈ ਆਈ। ਤੁਸੀਂ ਸਭ ਹੁਣ ਖੜੇ ਹੋ ਕੇ ਵੇਖੋ।
ਹੁਣ ਤੁਸੀਂ ਵੇਖਣਾ ਸਾਡਾ ਪਾਰਕ ਕਿਵੇਂ ਜਗਮਗਾਏਗਾ।


ਧੜਾਮ !
ਅਰੇ ਅਰੇ ! ਮੈ ਤਾਂ ਡਿੱਗ ਗਈ।
ਹੁਣ ਕੁਝ ਫਰਕ ਨਹੀਂ ਪੈਂਦਾ ਸਾਰੀਆਂ ਤਿਆਰੀਆਂ ਹੋ ਚੁਕੀਆਂ ਹਨ।
ਚਲੋ ਚਲੋ ! ਹੁਣ ਸਭ ਮਿਲ ਕੇ ਖੇਡਦੇ ਹਾਂ।
ਕਿੱਟੀ ਅੱਜ ਤੂੰ ਐਨਾ ਸਾਰਾ ਕੰਮ ਕਿਵੇਂ ਕਰ ਲਿਆ?
ਮੈਂ ਸਾਰਿਆਂ ਨੂੰ ਹਮੇਸ਼ਾ ਤੰਗ ਕੀਤਾ ਹੈ। ਲੇਕਿਨ ਅੱਜ, ਮੈਂ ਇਕ ਪ੍ਰਣ ਲੈਣਾ ਚਾਹੁੰਦੀ ਹਾਂ ਕਿ ਮੈਂ ਹੁਣ ਕਿਸੇ ਨੂੰ ਤੰਗ ਨਹੀ ਕਰਾਂਗੀ।


ਚਲੋ ! 12 ਵਜ ਗਏ ਹਨ ਹੁਣ ਕੇਕ ਕੱਟਦੇ ਹਾਂ।
ਕਿੱਟੀ ਬਹੁਤ ਬਦਲ ਚੁਕੀ ਹੈ ਦੋਸਤੋ ਅਤੇ ਸਜਾਵਟ ਵੀ ਉਸ ਨੇ ਬਹੁਤ ਸੁਹਣੀ ਕੀਤੀ ਹੈ। ਕਿਉਂ ਨਾ ਅਸੀਂ ਉਸ ਨੂੰ ਇਕ ਤੋਹਫਾ ਦੇ ਦੇਈਏ।
ਹਾਂ ! ਹਾਂ ! ਤੂੰ ਬਿਲਕੁਲ ਠੀਕ ਕਿਹਾ।
ਕਿੱਟੀ ਵੇਖ ! ਤੇਰੇ ਲਈ ਕੀ ਹੈ?
ਵਾਹ ! ਮੋਟੂ, ਮੋਲੀ, ਚਿੰਟੂ ਤੁਸੀਂ ਸਭ ਕਿੰਨੇ ਚੰਗੇ ਹੋ। ਇਹ ਤੋਹਫਾ ਮੈਨੂੰ ਹਮੇਸ਼ਾ ਯਾਦ ਰਹੇਗਾ।

ਰੂਪਨਾਰਾਇਣ

# ਕਾਂ ਦੇ ਪ੍ਰਸ਼ਨ ਅਤੇ ਮੋਰ ਦੀ ਸਿਖਿਆ

ਇਕ ਕਾਂ ਸੋਚਣ ਲੱਗਾ ਕਿ ਸਾਰੇ ਪੰਛੀਆਂ ਵਿਚ ਮੈਂ ਸਭ ਤੋਂ ਜ਼ਿਆਦਾ ਕੁਰੂਪ ਹਾਂ। ਨਾ ਤਾਂ ਮੇਰੀ ਆਵਾਜ਼ ਚੰਗੀ ਹੈ ਨਾ ਹੀ ਮੇਰੇ ਖੰਭ ਸੁੰਦਰ ਹਨ। ਮੈਂ ਕਾਲਾ ਹਾਂ। ਇਸ ਤਰ੍ਹਾਂ ਸੋਚਣ ਨਾਲ ਉਸ ਦੇ ਅੰਦਰ ਹੀਨਭਾਵਨਾ ਆਉਣ ਲੱਗੀ। ਇਕ ਦਿਨ ਬਗੁਲੇ ਨੇ ਉਸ ਨੂੰ ਉਦਾਸ ਵੇਖਿਆ ਤਾਂ ਉਸ ਦੀ ਉਦਾਸੀ ਦਾ ਕਾਰਨ ਪੁੱਛਿਆ।

ਕਾਂ ਨੇ ਕਿਹਾ - ਤੂੰ ਬਹੁਤ ਸੋਹਣਾ ਹੈ। ਮੇਰਾ ਤਾਂ ਜੀਉਣਾ ਹੀ ਬੇਕਾਰ ਹੈ।

ਬਗਲਾ ਕਹਿਣ ਲੱਗਾ - ਦੋਸਤ ਮੈਂ ਕਿੱਥੇ ਸੁੰਦਰ ਹਾਂ। ਮੈਂ ਜਦੋਂ ਤੋਤੇ ਨੂੰ ਵੇਖਦਾ ਹਾਂ ਤਾਂ ਸੋਚਦਾ ਹਾਂ ਕਿ ਮੇਰੇ ਕੋਲ ਹਰੇ ਖੰਭ ਅਤੇ ਲਾਲ ਚੁੰਝ ਕਿਉਂ ਨਹੀਂ ਹੈ।

ਹੁਣ ਕਾਂ ਤੋਤੇ ਕੋਲ ਗਿਆ ਅਤੇ ਕਿਹਾ - ਤੂੰ ਤਾਂ ਇੰਨ੍ਹਾਂ ਸੋਹਣਾ ਹੈ। ਤੂੰ ਬਹੁਤ ਖੁਸ਼ ਰਹਿੰਦਾ ਹੋਵੇਗਾ?

ਤੋਤੇ ਨੇ ਕਿਹਾ - ਖੁਸ਼ ਤਾਂ ਸੀ ਪਰ ਜਦੋਂ ਦਾ ਮੈਂ ਮੋਰ ਨੂੰ ਵੇਖਿਆ ਹੈ ਮੈ ਦੁਖੀ ਹਾਂ ਕਿਉਂਕਿ ਉਹ ਬਹੁਤ ਸੋਹਣਾ ਹੈ।

ਕਾਂ ਮੋਰ ਨੂੰ ਲੱਭਣ ਲੱਗਾ, ਲੇਕਿਨ ਜੰਗਲ ਵਿਚ ਇਕ ਵੀ ਮੋਰ ਨਹੀਂ ਮਿਲਿਆ। ਜੰਗਲ ਦੇ ਪੰਛੀਆਂ ਨੇ ਦੱਸਿਆ ਕਿ ਸਾਰੇ ਮੋਰ ਚਿੜੀਆਘਰ ਵਾਲੇ ਫੜ੍ਹ ਕੇ ਲੈ ਗਏ ਹਨ। ਕਾਂ ਚਿੜੀਆਘਰ ਗਿਆ। ਉਥੇ ਪਿੰਜਰੇ ਵਿਚ ਬੰਦ ਮੋਰ ਨਾਲ ਜਦ ਉਸ ਨੇ ਸੁੰਦਰਤਾ ਦੀ ਗੱਲ ਕੀਤੀ ਤਾ ਮੋਰ ਰੋਣ ਲੱਗ ਗਿਆ। ਉਸ ਨੇ ਕਿਹਾ - ਸ਼ੁਕਰ ਮਨਾ ਤੂੰ ਸੋਹਣਾ ਨਹੀਂ ਹੈ ਤਾਂ ਹੀ ਆਜ਼ਾਦੀ ਨਾਲ ਘੁੰਮ ਰਿਹਾ ਹੈਂ। ਜੇਕਰ ਸੋਹਣਾ ਹੁੰਦਾ ਤਾਂ ਮੇਰੀ ਤਰ੍ਹਾਂ ਪਿੰਜਰੇ ਵਿਚ ਬੰਦ ਹੁੰਦਾ।

ਪਿਆਰੇ ਬੱਚਿਓ ! ਦੂਜਿਆਂ ਨਾਲ ਤੁਲਨਾ ਕਰ ਕੇ ਦੁਖੀ ਹੋਣਾ ਬੁੱਧੀਮਾਨੀ ਨਹੀ ਹੈ। ਚੰਗੀ ਸੁੰਦਰਤਾ ਸਾਡੇ ਚੰਗੇ ਕੰਮਾਂ ਨਾਲ ਆਉਂਦੀ ਹੈ।



❑ ਅਮਰਜੀਤ ਬਰਾੜ

# ਮੁਆਫ਼ੀ ਮੰਗਣਾ ਤੇ ਮੁਆਫ਼ ਕਰਨਾ



ਪਿਆਰੇ ਬੱਚਿਉ! ਆਪਣੀ ਗ਼ਲਤੀ ਨਾ ਹੋਣ ਦੇ ਬਾਵਜੂਦ ਤੁਹਾਡਾ ਮੁਆਫ਼ੀ ਮੰਗਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਤੁਹਾਡੇ ਵਿੱਚ ਰਿਸ਼ਤੇ ਨਿਭਾਉਣ ਦੀ ਸਮਝ ਹੈ। ਜੇਕਰ ਤੁਸੀਂ ਹਰ ਨਿੱਕੀ-ਨਿੱਕੀ ਗੱਲ 'ਤੇ ਦੂਜਿਆਂ ਨੂੰ ਸਜ਼ਾ ਦੇਣ ਬਾਰੇ ਸੋਚਦੇ ਰਹੋਗੇ ਤਾਂ ਇਸ ਦਾ ਭਾਵ ਹੈ ਕਿ ਤੁਸੀਂ ਆਪਣੇ-ਆਪ 'ਤੇ ਵੀ ਜ਼ੁਲਮ ਕਰ ਰਹੇ ਹੋ। ਆਪਣੀ ਗਲਤੀ 'ਤੇ ਮੁਆਫ਼ੀ ਮੰਗ ਲੈਣਾ ਉਹ ਪਛਤਾਵਾ ਹੈ, ਜਿਸ ਨਾਲ ਤੁਹਾਨੂੰ ਬਾਅਦ ਵਿਚ ਪਛਤਾਉਣਾ ਨਹੀਂ ਪੈਂਦਾ। ਪਿਆਰ ਹੋਵੇ ਤਾਂ ਇਸ ਲਈ ਰੁੱਸਿਆ ਜਾਂਦਾ ਹੈ ਕਿ ਕੋਈ ਸਾਨੂੰ ਮਨਾ ਲਵੇਗਾ। ਪਿਆਰ ਦੇ ਰਿਸ਼ਤੇ ਵਿਚ ਮੁਆਫ਼ੀ ਮੰਗਣਾ ਤੇ ਮੁਆਫ਼ ਕਰ ਦੇਣਾ ਇਸ ਰਿਸ਼ਤੇ ਨੂੰ ਹੋਰ ਸੁਖਾਵਾਂ ਅਤੇ ਨਿੱਘਾ ਬਣਾਉਂਦਾ ਹੈ। ਕਿਸੇ ਵੀ ਰਿਸ਼ਤੇ ਵਿਚ ਘਮੰਡ ਜਾਂ ਆਕੜ ਸਭ ਤੋਂ ਵੱਡੀ ਰੁਕਾਵਟ ਹੈ। ਤੁਹਾਡੀ ਕਠੋਰਤਾ ਉਸ ਪੱਥਰ ਵਰਗੀ ਨਹੀਂ ਹੋਣੀ ਚਾਹੀਦੀ, ਜਿਸ ਨਾਲ ਟਕਰਾਉਣ ਵਾਲੀ ਹਰ ਚੀਜ਼ ਟੁਕੜੇ-ਟੁਕੜੇ ਹੋ ਜਾਂਦੀ ਹੈ। ਜਦੋਂ ਅਸੀਂ ਸੌਰੀ ਬੋਲਦੇ ਹਾਂ ਜਾਂ ਮੁਆਫ਼ੀ ਮੰਗਦੇ ਹਾਂ ਤਾਂ ਅਸੀਂ ਸਾਹਮਣੇ ਵਾਲੇ ਨੂੰ ਇਹ ਦੱਸ ਰਹੇ ਹੁੰਦੇ ਹਾਂ ਕਿ ਮੈਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਹੈ ਅਤੇ ਮੈਂ ਅੱਗੇ ਤੋਂ ਅਜਿਹੀ ਗ਼ਲਤੀ ਨਹੀਂ ਕਰਾਂਗਾ, ਜਿਸ ਨਾਲ ਕਿ ਤੁਹਾਡੇ ਦਿਲ ਨੂੰ ਠੇਸ ਲੱਗੇ।

ਸਾਡੇ ਦੁਆਰਾ ਦੂਜੇ ਨੂੰ ਮੁਆਫ਼ ਕਰ ਦੇਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਮੈਂ ਬੀਤ ਚੁੱਕੇ ਉਸ ਵਕਤ ਨੂੰ ਭੁੱਲ ਚੁੱਕਾ ਹਾਂ। ਉਸ ਵਿਅਕਤੀ ਨੂੰ ਮੁਆਫ਼ ਕਰ ਦਿਓ, ਜਿਸ ਨੂੰ ਤੁਸੀਂ ਭੁੱਲ ਨਹੀਂ ਸਕਦੇ ਅਤੇ ਭੁੱਲ ਜਾਵੋ ਉਸ ਵਿਅਕਤੀ ਨੂੰ, ਜਿਸ ਨੂੰ ਤੁਸੀਂ ਮੁਆਫ਼ ਨਹੀਂ ਕਰ ਸਕਦੇ। ਮੁਆਫ਼ੀ ਜਿੰਨੀ ਜਲਦੀ ਮੰਗੀ ਜਾਵੇ, ਇਹ ਓਨੀ ਹੀ ਚੰਗੀ ਹੈ ਕਿਉਂਕਿ ਬਹੁਤ ਦੇਰ ਬਾਅਦ ਮੰਗੀ ਗਈ ਮੁਆਫ਼ੀ ਸੁਆਰਥੀ ਲਗਦੀ ਹੈ। ਤੁਹਾਡੀ ਇਕ ਫਾਲਤੂ ਜਿਹੀ ਜ਼ਿਦ ਬਹੁਤ ਵੱਡੇ ਫਰਕ ਪਾ ਦਿੰਦੀ ਹੈ। ਅਕਸਰ ਮੁਆਫ਼ ਉਨ੍ਹਾਂ ਨੂੰ ਕੀਤਾ ਜਾਂਦਾ ਹੈ, ਜਿਹੜੇ ਮੁਆਫ਼ ਕੀਤੇ ਜਾਣ ਦੇ ਯੋਗ ਹੁੰਦੇ ਹਨ ਅਤੇ ਅਕਸਰ ਮੁਆਫ਼ੀ ਉਨ੍ਹਾਂ ਤੋਂ ਮੰਗੀ ਜਾਂਦੀ ਹੈ, ਜਿਥੇ ਮੁਆਫ਼ ਕੀਤੇ ਜਾਣ ਦਾ ਭਰੋਸਾ ਹੋਵੇ। ਵਾਰ-ਵਾਰ ਗ਼ਲਤੀ ਕਰਕੇ ਅਤੇ ਸੌਰੀ ਕਹਿ ਕੇ ਕਿਸੇ ਨੂੰ ਸ਼ਰਮਿੰਦਾ ਨਾ ਕਰੋ। ਅਣਜਾਣੇ ਵਿਚ ਗ਼ਲਤੀ ਨਾ ਹੋਣ ਦੇ ਬਾਵਜੂਦ ਰਿਸ਼ਤੇ ਨੂੰ ਬਚਾਈ ਰੱਖਣ ਲਈ ਸੌਰੀ ਆਖਣਾ ਤੁਹਾਡਾ ਵਡੱਪਣ ਹੈ। ਕਿਸੇ ਨੂੰ ਮੁਆਫ਼ ਕਰ ਦੇਣਾ ਤੁਹਾਡੀ ਸਿਆਣਪ ਅਤੇ ਸਹਿਣਸ਼ੀਲਤਾ ਹੈ। ਗ਼ਲਤੀ ਦੇ ਬਾਵਜੂਦ ਮੁਆਫ਼ੀ ਨਾ ਮੰਗਣਾ ਤੁਹਾਡਾ ਘਮੰਡ ਹੈ ਅਤੇ ਕਿਸੇ ਨੂੰ ਮੁਆਫ਼ੀ ਮੰਗਣ ਦੇ ਬਾਵਜੂਦ ਮੁਆਫ਼ ਨਾ ਕਰਨਾ ਦੂਜੇ ਨੂੰ ਨੀਵਾਂ ਦਿਖਾਉਣ ਦਾ ਯਤਨ ਹੈ।

ਬੱਚਿਉ, ਇਕ ਗੱਲ ਹੋਰ ਕਿ ਮੁਆਫ਼ੀ ਮੰਗਣਾ ਤੁਹਾਡੇ ਇਮਾਨਦਾਰ ਹੋਣ ਦਾ ਵੀ ਸਬੂਤ ਹੈ ਅਤੇ ਤੁਹਾਡਾ ਆਪਣੀ ਗ਼ਲਤੀ ਪ੍ਰਤੀ ਸੁਚੇਤ ਹੋਣਾ ਵੀ ਹੁੰਦਾ ਹੈ। ਜਦੋਂ ਕੋਈ ਤੁਹਾਡਾ ਪਿਆਰਾ ਤੁਹਾਡੇ ਨਾਲ ਗੁੱਸੇ ਜਾਂ ਨਰਾਜ਼ ਹੁੰਦਾ ਹੈ ਤਾਂ ਉਹ ਇਸ ਗੱਲ ਦੀ ਵੀ ਇੱਛਾ ਰੱਖਦਾ ਹੈ ਕਿ ਤੁਸੀਂ ਉਸ ਨੂੰ ਸੌਰੀ ਆਖ ਕੇ ਮਨਾ ਲਵੋ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਪਿਆਰ ਦੇ ਰਿਸ਼ਤੇ ਵਿਚ ਕੁੜੱਤਣ ਵਧਦੀ ਹੈ। ਸਿਰਫ ਦਿਖਾਵੇ ਲਈ ਮੰਗੀ ਮੁਆਫ਼ੀ ਦਾ ਪ੍ਰਭਾਵ ਨਹੀਂ ਹੁੰਦਾ। ਜੇਕਰ ਸਾਫ ਨੀਅਤ ਨਾਲ ਅਤੇ ਸੱਚੇ ਦਿਲੋਂ ਮੁਆਫ਼ੀ ਮੰਗੀ ਜਾਵੇ ਤਾਂ ਤੁਹਾਡੀ ਮੁਆਫ਼ੀ ਦਾ ਕਬੂਲ ਹੋਣਾ ਨਿਸ਼ਚਤ ਹੁੰਦਾ ਹੈ। ■

ਰਣਜੀਤ ਆਜ਼ਾਦ

# ਖੱਟੇ ਅੰਗੂਰ

ਇਕ ਜੰਗਲ ਘਣਾ ਵਡੇਰਾ।
ਲੂੰਮੜੀ ਨੇ ਪਾਇਆ ਫੇਰਾ।
ਇਧਰ ਉਧਰ ਚੱਕਰ ਲਾਵੇ।
ਉਹਨੂੰ ਪੇਟ ਦੀ ਭੁੱਖ ਸਤਾਵੇ।

ਇਕ ਥਾਂ ਅੰਗੂਰ ਨਜ਼ਰੀ ਆਏ।
ਤਮੰਨਾ ਅੰਗੂਰ ਖਾਣ ਦੀ ਭਾਏ।
ਮੂੰਹ ਚੁੱਕ ਕੇ ਗੁੱਛੇ ਵੱਲ ਦੇਖੇ।
ਕੱਦ ਆਵੇ ਨਾ ਵੇਲ ਦੇ ਮੇਚੇ।



ਇਧੱਰ ਉਧੱਰ ਛਾਲ ਲਗਾਈ।
ਹੱਥ ਵੇਲ ਉਹਦੇ ਨਾ ਆਈ।
ਉਸ ਨੇ ਹੱਥ-ਪੈਰ ਬਹੁਤ ਮਾਰੇ।
ਪਰ ਅਸਫਲ ਰਹੇ ਸਭ ਸਹਾਰੇ।

ਅੰਤ ਅੱਕ-ਥੱਕ ਕੇ ਹੰਭੀ।
ਉਹਦੀ ਗਈ ਤਮੰਨਾ ਡੰਗੀ।
ਇਹ ਅੰਗੂਰ ਸਾਰੇ ਨੇ ਖੱਟੇ।
ਕਿਉਂ ਦੰਦ ਕਰਾਂ ਮੈ ਖੱਟੇ?

ਬੱਚਿਉ ! ਅਸਲ ਵਿਚ ਉਹ
ਅੰਗੂਰ ਨਹੀ ਸਨ ਖੱਟੇ।
ਅੰਗੂਰਾਂ ਤਕ ਨਾ ਪੁੱਜ ਸਕੀ
ਫਿਰ ਕਿੱਦਾਂ ਮਿੱਠੇ-ਖੱਟੇ?

ਜੇ ਕੰਮ ਆਪਣੇ ਕੋਲੋਂ ਨਾ ਹੋਵੇ
ਐਵੇਂ ਨਾ ਦੋਸ਼ ਕਿਸੇ ਨੂੰ ਦੇਈਏ।




- ਪੰਚਾਇਤ ਦਾ ਮੈਂਬਰ ਬਣਨ ਲਈ ਘੱਟ ਤੋਂ ਘੱਟ ਉਮਰ 21 ਸਾਲ ਹੋਣੀ ਚਾਹੀਦੀ ਹੈ।
- ਸੰਸਾਰ ਵਿਚ ਸਭ ਤੋਂ ਵੱਧ ਪਾਣੀ ਅਮੇਜਨ ਨਦੀ ਵਿਚ ਹੈ।
- ਜੂਨ - ਸਤੰਬਰ ਵਿਚ ਤਿਆਰ ਹੋਣ ਵਾਲੀ ਫਸਲ ਨੂੰ ਖਰੀਫ ਕਿਹਾ ਜਾਂਦਾ ਹੈ।
- ਭਾਰਤੀ ਸੰਵਿਧਾਨ ਵਿਚ 12 ਅਨੁਸੂਚੀਆਂ ਹਨ।
- ਸੂਰਜ ਦਾ ਪ੍ਰਕਾਸ਼ ਚੰਦ੍ਰਮਾਂ ਤੋਂ ਪ੍ਰਿਥਵੀ ਤਕ ਪਹੁੰਚਣ ਲਈ 13 ਸੈਕੰਡ ਲੈਂਦਾ ਹੈ।
- ਮੱਧ ਪ੍ਰਦੇਸ਼ ਦੀਆਂ ਖਾਨਾ ਹੀਰੇ ਲਈ ਪ੍ਰਸਿੱਧ ਹਨ।
- ਜੈ ਕਿਸਾਨ, ਜੈ ਜਵਾਨ, ਜੈ ਵਿਗਿਆਨ ਦਾ ਨਾਅਰਾ ਅਟਲ ਬਿਹਾਰੀ ਵਾਜਪੇਈ ਨੇ ਦਿੱਤਾ ਸੀ।
- ਰਿਆਸਤਾਂ ਮਿਲਾਉਣ ਦੀ ਨੀਤੀ ਲਾਰਡ ਡਲਹੌਜੀ ਨੇ ਲਾਗੂ ਕੀਤੀ ਸੀ।
- ਉਸਤਾਦ ਜਾਕਿਰ ਹੁਸੈਨ ਦਾ ਸੰਬੰਧ ਤਬਲਾ ਸਾਜ ਨਾਲ ਸੀ।
- ਅਮਰੀਕਾ ਦੀ ਖੋਜ 1492 ਵਿਚ ਕ੍ਰਿਸਟੋਫਰ ਕੋਲੰਬਸ ਨੇ ਕੀਤੀ।
- ਵੰਦੇਮਾਤਰਮ ਨੂੰ ਸਭ ਤੋਂ ਪਹਿਲਾਂ 1896 ਵਿਚ ਗਾਇਆ ਗਿਆ ਸੀ।
- ਇਕ ਦਿਵਸੀ ਕ੍ਰਿਕਟ ਵਿਚ ਪਹਿਲਾ ਦੋਹਰੀ ਸੈਂਚੁਰੀ ਮਾਰਨ ਦਾ ਰਿਕਾਰਡ ਸਚਿਨ ਤੈਂਦੂਲਕਰ ਦੇ ਨਾਮ ਹੈ।
- ਪਹਿਲਾ ਭਾਰਤੀ ਪੁਲਾੜ ਯਾਤਰੀ ਰਾਕੇਸ਼ ਸ਼ਰਮਾ ਹੈ।
- ਪਹਿਲੀ ਭਾਰਤੀ ਮਹਿਲਾ ਪੁਲਾੜ ਯਾਤਰੀ ਕਲਪਨਾ ਚਾਵਲਾ ਹੈ।
- ਵਿਕਰਮ ਸਾਰਾਭਾਈ ਪੁਲਾੜ ਕੇਂਦਰ ਤ੍ਰਿਵੇਂਦਰਮ ਵਿਚ ਹੈ।
- 1984 ਵਿਚ ਭੋਪਾਲ ਗੈਸ ਤ੍ਰਾਸਦੀ ਮਿਥਾਇਲ ਆਇਸੋਸਾਇਨੇਟ ਦੇ ਰਿਸਾਵ ਨਾਲ ਹੋਈ ਸੀ।
- ਸਵਰਾਜ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਮਹਾਰਿਸ਼ੀ ਦਯਾਨੰਦ ਨੇ ਕੀਤਾ।
- ਟੋਡਰਮਲ ਦਾ ਸੰਬੰਧ ਭੂ-ਰਾਜਸਵ ਵਿਵਸਥਾ ਨਾਲ ਸੀ।
- ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਲਾਹੌਰ ਸੀ।
- ਪੋਲੀਓ ਦੇ ਟੀਕੇ ਦੀ ਖੋਜ ਜੋਨਾਸ ਸਾਲਕ ਨੇ ਕੀਤੀ ਸੀ।

ਸੰਗ੍ਰਹਿਕਰਤਾ
- ਗੁਰਦੇਵ ਸਿੰਘ



❑ ਮਹਿੰਦਰ ਸਿੰਘ

# ਕਾਂ ਅਤੇ ਕਬੂਤਰ

ਇਕ ਪਿੰਡ ਦੇ ਇਕ ਖੇਤ ਵਿਚ ਇਕ ਕਾਂ ਅਤੇ ਇਕ ਭੋਲੂ ਕਬੂਤਰ ਰਹਿੰਦੇ ਸਨ। ਕਬੂਤਰ ਭੋਲਾ-ਭਾਲਾ ਅਤੇ ਸਿੱਧਾ-ਸਾਦਾ ਸੀ ਜਦਕਿ ਕਾਂ ਬਹੁਤ ਚਲਾਕ ਸੀ।

ਕਾਂ ਦਾ ਸੁਭਾਅ ਵੀ ਖਰਾਬ ਸੀ। ਉਹ ਸਵਾਰਥੀ ਅਤੇ ਹੰਕਾਰੀ ਸੀ ਅਤੇ ਕਿਸੇ ਦੇ ਸੁਖ-ਦੁਖ ਵਿਚ ਸਾਥ ਨਹੀਂ ਦਿੰਦਾ ਸੀ ਜਦਕਿ ਇਸਦੇ ਉਲਟ ਕਬੂਤਰ ਦਿਆਲੂ ਅਤੇ ਪਰਉਪਕਾਰੀ ਸੀ ਅਤੇ ਹਮੇਸ਼ਾ ਹੀ ਸੁਖ-ਦੁਖ ਵਿਚ ਸਾਥ ਦਿੰਦਾ ਸੀ।

ਇਕ ਦਿਨ ਕਬੂਤਰ ਨੂੰ ਖਾਣ ਲਈ ਕੁਝ ਨਹੀਂ ਮਿਲਿਆ। ਉਹ ਭੁੱਖ ਨਾਲ ਇਧਰ ਉਧਰ ਭਟਕਦਾ ਰਿਹਾ। ਤਦ ਕਾਂ ਰੋਟੀ ਲੈ ਕੇ ਆਇਆ। ਕਬੂਤਰ ਨੇ ਸੋਚਿਆ ਕਿ ਥੋੜ੍ਹੀ ਬਹੁਤ ਰੋਟੀ ਉਹ ਉਸ ਨੂੰ ਦੇ ਦੇਵੇਗਾ ਲੇਕਿਨ ਕਾਂ ਨੇ ਕਬੂਤਰ ਨੂੰ ਪੁੱਛਿਆ ਤਕ ਨਹੀਂ ਅਤੇ ਚੁਪਚਾਪ ਪੂਰੀ ਰੋਟੀ ਖਾ ਗਿਆ।

ਥੋੜ੍ਹੇ ਦਿਨਾਂ ਬਾਅਦ ਇਕ ਦਿਨ ਕਾਂ ਨੂੰ ਖਾਣ ਲਈ ਕੁਝ ਨਈਂ ਮਿਲਿਆ ਅਤੇ ਕਬੂਤਰ ਨੂੰ ਰੋਟੀ ਮਿਲ ਗਈ ਸੀ।

ਭੁੱਖ ਨਾਲ ਬੇਚੈਨ ਕਾਂ ਨੇ ਜਿਵੇਂ ਹੀ ਕਬੂਤਰ ਨੇ ਮੂੰਹ ਵਿਚ ਰੋਟੀ ਦੇਖੀ ਤਾਂ ਉਹ ਕਬੂਤਰ ਕੋਲ ਆ ਕੇ ਕਹਿਣ ਲੱਗਾ - ਦੋਸਤ ਅੱਜ ਮੇਰੀ ਤਬੀਅਤ ਖਰਾਬ ਹੋ ਰਹੀ ਹੈ। ਹੁਣ ਤਾਂ ਉਠੱਣ ਬੈਠਣ ਦੀ ਹਿੰਮਤ ਹੀ ਨਹੀਂ ਰਹੀ। ਇਸ ਤਰ੍ਹਾਂ ਲਗਦਾ ਹੈ ਜਿਵੇਂ ਮੇਰੇ ਢਿੱਡ ਵਿਚ ਕੋਈ ਵਾਰ-ਵਾਰ ਚੀਖ ਰਿਹਾ ਹੋਵੇ।



ਰਿਹਾ ਸੀ। ਜੋ ਪਹਿਲਾਂ ਤੋਂ ਹੀ ਰੋਟੀ ਖੋਹਣ ਦੀ ਫਿਰਾਕ ਵਿਚ ਸੀ ਪਰ ਦੋਹਾਂ ਪੰਛੀਆਂ ਨੇ ਉਸ ਉਤੇ ਧਿਆਨ ਨਾ ਦਿੱਤਾ।

ਜਿਵੇਂ ਹੀ ਕਾਂ ਨੇ ਰੋਟੀ ਫੜੀ, ਕੁੱਤੇ ਨੇ ਉਛਲ ਕੇ ਕਾਂ ਨੂੰ ਦਬੋਚ ਲਿਆ।

ਕਾਂ ਚੀਖਣ ਲੱਗਾ – ਮੈਂ ਬੜੀ ਚਲਾਕੀ ਨਾਲ ਇਹ ਰੋਟੀ ਹਾਸਿਲ ਕੀਤੀ ਹੈ। ਇਸ ਨੂੰ ਲੈ ਲਉ ਪਰ ਮੈਨੂੰ ਛੱਡ ਦਿਉ।

ਲੇਕਿਨ ਦੂਸਰੇ ਦੇ ਭੋਲੇਪਣ ਦਾ ਨਾਜਾਇਜ਼ ਫਾਇਦਾ ਉਠਾਉਣ ਦੀ ਸਜ਼ਾ ਤੋਂ ਉਹ ਬਚ ਨਹੀਂ ਸਕਿਆ।

– ਮੈਂ ਦਵਾਈ ਲੈ ਕੇ ਆਵਾਂ? ਕਬੂਤਰ ਨੇ ਪੁੱਛਿਆ।

ਨਹੀਂ, ਨਹੀਂ ਦੋਸਤ ! ਦਵਾਈ ਦੀ ਕੋਈ ਜ਼ਰੂਰਤ ਨਹੀਂ ਹੈ। ਮੇਰਾ ਦਰਦ ਤਾਂ ਰੋਟੀ ਨਾਲ ਦੂਰ ਹੋਵੇਗਾ। ਲੇਕਿਨ ਤੇਰੇ ਕੋਲ ਤਾਂ ਇਕ ਹੀ ਰੋਟੀ ਹੈ, ਇਸ ਨੂੰ ਤੂੰ ਖਾਵੇਂਗਾ ਜਾਂ ਮੈਂ? – ਕਾਂ ਨੇ ਬੜੀ ਚਤੁਰਾਈ ਨਾਲ ਕਿਹਾ।

ਭੋਲਾ-ਭਾਲਾ ਕਬੂਤਰ ਕਾਂ ਦੀਆਂ ਗੱਲਾਂ ਵਿਚ ਆ ਗਿਆ ਅਤੇ ਅਗਲੇ ਹੀ ਪਲ ਉਹ ਆਪਣੀ ਰੋਟੀ ਦਿੰਦੇ ਹੋਏ ਬੋਲਿਆ – ਲੈ ਦੋਸਤ ਪਹਿਲਾਂ ਤੂੰ ਇਸ ਰੋਟੀ ਨੂੰ ਖਾ ਤਾਕਿ ਤੇਰਾ ਦਰਦ ਦੂਰ ਹੋ ਸਕੇ। ਮੈਂ ਤਾਂ ਭੁੱਖ ਸਹਿਨ ਕਰ ਲਵਾਂਗਾ।

ਕਾਂ ਨੇ ਝੱਟ ਕਬੂਤਰ ਦੀ ਰੋਟੀ ਨੂੰ ਫੜ ਲਿਆ ਅਤੇ ਮਨ ਹੀ ਮਨ ਬਹੁਤ ਖੁਸ਼ ਹੋਣ ਲੱਗਾ ਕਿ ਉਸ ਨੇ ਕਿੰਨੀ ਚਲਾਕੀ ਨਾਲ ਕਬੂਤਰ ਦੀ ਰੋਟੀ ਲੈ ਲਈ।

ਉਹਨਾਂ ਦੇ ਕੋਲ ਬੈਠਾ ਕੁੱਤਾ ਇਹ ਸਭ ਵੇਖ

ਕਬੂਤਰ ਇਹ ਸੋਚਦੇ ਹੋਏ ਉਡੱ ਗਿਆ ਸੀ ਕਿ ਰੱਬ ਜੋ ਕਰਦਾ ਹੈ, ਚੰਗਾ ਕਰਦਾ ਹੈ। ਜੇਕਰ ਰੋਟੀ ਮੇਰੇ ਕੋਲ ਹੁੰਦੀ ਤਾਂ ਮੇਰੀ ਮੌਤ ਹੋ ਜਾਂਦੀ। ਕਾਂ ਨੇ ਮੇਰੇ ਨਾਲ ਧੋਖਾ ਕੀਤਾ ਇਸ ਲਈ ਉਸ ਨੂੰ ਸਜਾ ਮਿਲ ਗਈ। ■



❑ ਪ੍ਰਿਤਪਾਲ ਢਿੱਲੋਂ

# ਬਚਪਨ

ਇਹ ਬਚਪਨ ਮੁੜ ਕਦੇ ਨਹੀਂ ਆਵੇਗਾ।
ਅੱਜ-ਕੱਲ੍ਹ ਦੇ ਵਿਚ ਹੀ ਲੰਘ ਜਾਵੇਗਾ।

ਹੱਸਦਿਆਂ-ਖੇਡਦਿਆਂ ਕਦੇ ਰੁੱਸ ਜਾਣਾ,
ਘਰਦਿਆਂ ਮਨਾਉਣਾ ਕਹਿ ਬੀਬਾ ਰਾਣਾ,
ਪੁੱਤ-ਪੁੱਤ ਕਹਿ ਕੇ ਕੌਣ ਬੁਲਾਵੇਗਾ,
ਇਹ ਬਚਪਨ .....

ਮਿੱਟੀ ਦਾ ਕਦੇ ਘਰ ਬਣਾਉਣਾ,
ਖੁਸ਼ੀ-ਖੁਸ਼ੀ ਫਿਰ ਆਪੇ ਢਾਹੁਣਾ,
ਉਹ ਖੁਸ਼ੀਆਂ ਫਿਰ ਕੌਣ ਲਿਆਵੇਗਾ,
ਇਹ ਬਚਪਨ ....

ਗੁੱਡੀਆਂ-ਪਟੋਲੇ ਖੂਬ ਸਜਾਉਣੇ,
ਜਿਦੱ ਕਰਕੇ ਖਿਡੌਣੇ ਖਰੀਦ ਲਿਆਉਣੇ,
ਛਣਕਣੇ ਨਾਲ ਫਿਰ ਕੌਣ ਵਰਚਾਵੇਗਾ,
ਇਹ ਬਚਪਨ ....

ਕਦੋਂ ਜਾਗਣਾ ਕਦੋਂ ਹੈ ਸੌਣਾ,
ਜ਼ਿੱਦ ਕਰਕੇ ਐਵੇਂ ਹੀ ਰੋਣਾ,
ਉਹ ਜ਼ਿੱਦ ਹੁਣ ਕੌਣ ਪੁਗਾਵੇਗਾ,
ਇਹ ਬਚਪਨ....



❑ ਜੁਝਾਰ ਖੁਸ਼ਦਿਲ

# ਕਿਉਂ ਅਤੇ ਕਿਵੇਂ ਆਉਂਦੇ ਹਨ ਭੁਚਾਲ?


**ਪੂਰੀ** ਧਰਤੀ 12 ਟੈਕਟੋਨਿਕ ਪਲੇਟਾਂ ਉਤੇ ਟਿਕੀ ਹੋਈ ਹੈ। ਇਸ ਦੇ ਥੱਲੇ ਤਰਲ ਪਦਾਰਥ ਲਾਵਾ ਮੌਜੂਦ ਹੈ। ਇਹ ਪਲੇਟਾਂ ਇਸ ਲਾਵੇ ਤੇ ਤੈਰ ਰਹੀਆਂ ਹਨ ਅਤੇ ਇਨ੍ਹਾਂ ਦੇ ਟਕਰਾਉ ਨਾਲ ਊਰਜਾ ਨਿਕਲਦੀ ਹੈ। ਇਸ ਊਰਜਾ ਨਿਕਲਣ ਦੀ ਘਟਨਾ ਨੂੰ ਹੀ ਅਸੀ ਭੁਚਾਲ ਦੇ ਰੂਪ ਵਿਚ ਜਾਣਦੇ ਹਾਂ।

ਆਮ ਤੌਰ ਤੇ ਅਸਾਮ ਵਿਚ ਅਕਸਰ ਹੀ ਭੁਚਾਲ ਦੇ ਝੱਟਕੇ ਆਉਂਦੇ ਰਹਿੰਦੇ ਹਨ। ਜਿਸ ਕਾਰਨ ਇਥੇ ਜਾਨ ਮਾਲ ਦਾ ਨੁਕਸਾਨ ਹੁੰਦਾ ਰਹਿੰਦਾ ਹੈ। ਵਿਗਿਆਨੀਆਂ ਦੀ ਮੰਨੀਏ ਤਾਂ ਆਉਣ ਵਾਲਾ ਸਮਾਂ ਭਾਰੀ ਤਬਾਹੀ ਦੇ ਖਤਰੇ ਦਾ ਸੰਕੇਤ ਦੇ ਰਿਹਾ ਹੈ ਪਰ ਆਮ ਲੋਕ ਬੇਖਬਰ ਹਨ। ਜਾਣਕਾਰੀ ਦੀ ਘਾਟ ਕਾਰਨ ਉਹਨਾਂ ਨੂੰ ਕੋਈ ਡਰ ਨਹੀ, ਜਿਵੇਂ ਕਹਿ ਦੇਈਏ ਸਿਹਤ ਤੇ ਕੋਈ ਅਸਰ ਨਹੀ। ਪਰ ਵਿਗਿਆਨੀ ਚਿੰਤਾ ਵਿਚ ਹਨ। ਧਰਤੀ ਦੇ ਹੇਠਾਂ ਦਾ ਦਬਾਅ ਵਧ ਰਿਹਾ ਹੈ। ਇਹ ਅਨੁਮਾਨਿਤ ਤੇਜ਼ੀ ਤੋਂ ਵੀ ਜਿਆਦਾ ਝਟਕੇ ਦੇ ਨਾਲ ਧਰਤੀ ਨੂੰ ਹਿਲਾਉਣ ਦੀ ਤਾਕਤ ਰਖਦਾ ਹੈ।

ਕੁਦਰਤ ਹੇਠਾਂ ਪਲ ਰਿਹਾ ਇਹ ਖਤਰਾ ਹਿੰਦੁਸਤਾਨ ਲਈ ਵੀ ਬਣਿਆ ਹੈ। ਦਿਲ ਹਿਲਾ ਦੇਣ ਵਾਲੀ ਰਿਪੋਰਟ ਵਿਚ ਜਿਸ ਇਲਾਕੇ ਦਾ ਜ਼ਿਕਰ ਕੀਤਾ ਗਿਆ ਹੈ, ਉਹ ਤਕਰੀਬਨ 100 ਕਿਲੋਮੀਟਰ ਤਕ ਫੈਲਿਆ ਹੋਇਆ ਹੈ। ਅੰਦਾਜ਼ੇ ਦੇ ਮੁਤਾਬਿਕ ਭੂਚਾਲ ਦਾ ਕੇਂਦਰ ਬੰਗਲਾਦੇਸ਼ ਵੀ ਹੋ ਸਕਦਾ ਹੈ। ਆਉਣ ਵਾਲੇ ਖਤਰੇ ਦਾ ਅਨੁਮਾਨ ਇਸ ਗੱਲ ਤੋ ਵੀ ਲਗਾਇਆ ਜਾ ਸਕਦਾ ਹੈ ਕਿ ਇਸ ਤੋਂ ਹੋਣ ਵਾਲੀ ਤਬਾਹੀ ਸਾਲ 2004 ਚ ਆਈ ਸੁਨਾਮੀ ਤੋਂ ਵੀ ਜ਼ਿਆਦਾ ਹੋ ਸਕਦੀ ਹੈ। ਪਰਮਾਤਮਾ ਕਰੇ, ਅਜਿਹਾ ਕੁਝ ਨਾ ਹੋਵੇ।

ਇਸ ਤੋਂ ਇਲਾਵਾ 9 ਤੀਬਰਤਾ ਵਾਲੇ ਭੂਚਾਲ ਨੂੰ ਸਭ ਤੋਂ ਭਿਆਨਕ ਖਤਰਨਾਕ ਮੰਨਿਆ ਜਾਂਦਾ ਹੈ, ਇਸ ਭੂਚਾਲ ਨੂੰ ਅਸੀਂ ਨੇਪਾਲ ਵਿਚ ਦੇਖ ਚੁੱਕੇ ਹਾਂ। ਨੇਪਾਲ ਵਿਚ ਅਪ੍ਰੈਲ 2015 ਨੂੰ ਆਏ ਵਿਨਾਸ਼ਕਾਰੀ ਭੂਚਾਲ ਵਿਚ ਕਰੀਬ 9 ਹਜ਼ਾਰ ਲੋਕਾਂ ਦੀ ਮੌਤ ਹੋ ਗਈ। ਸਾਰੇ ਪਾਸੇ ਖੰਡਰ ਬਣ ਗਏ। ਉਦੋਂ ਹੀ ਭਾਰਤ ਵਿਚ 130 ਲੋਕਾਂ ਦੀ ਮੌਤ ਹੋਈ ਸੀ। ਅਪ੍ਰੈਲ 2015 ਨੂੰ ਨਿਪਾਲ ਦੀ ਰਾਜਧਾਨੀ ਕਾਠਮਾਂਡੂ , ਭੀੜ ਭੜੱਕੇ ਵਾਲੇ ਸ਼ਹਿਰ ਵਿਚ ਸਭ ਕੁਝ ਆਮ ਵਾਂਗ ਸੀ। ਕੁਝ ਹੀ ਪਲਾਂ ਵਿਚ ਇਮਾਰਤਾਂ ਹਿਲੱਣ ਲੱਗੀਆਂ। ਕਿਸੇ ਨੂੰ ਕੁਝ ਸੋਚਣ ਤਕ ਦਾ ਸਮਾਂ ਨਾ ਮਿਲਿਆ।, ਇਮਾਰਤਾਂ ਤਾਸ਼ ਦੇ ਪੱਤਿਆਂ ਵਾਂਗ ਢੇਰੀ ਹੋ ਗਈਆਂ। ਧਰਤੀ ਫਟ ਗਈ, ਵੱਡੀਆਂ-ਵੱਡੀਆਂ ਤਰੇੜਾ ਪੈ ਗਈਆਂ।





ਰਾਮਕੁਮਾਰ

# ਅਨੋਖਾ ਘੁੜਸਵਾਰ

**ਇਕ** ਵਿਅਕਤੀ ਘੋੜੇ ਉਤੇ ਸਵਾਰ ਸੀ। ਉਸ ਦੀ ਸਿਹਤ ਬਹੁਤ ਚੰਗੀ ਸੀ। ਉਸ ਨੇ ਸਾਫ- ਸੁਥਰੇ ਕਪੜੇ ਪਾਏ ਹੋਏ ਸੀ। ਸਿਰ ਉਤੇ ਹੈਟ ਸੀ। ਉਹ ਘੁੰਮਣ ਲਈ ਨਿਕਲਿਆ ਸੀ। ਘੁੰਮਦੇ-ਘੁੰਮਦੇ ਉਹ ਨਗਰ ਦੇ ਬਾਹਰੀ ਹਿੱਸੇ ਵਿਚ ਪਹੁੰਚ ਗਿਆ।

ਉਥੇ ਇਕ ਵੱਡਾ ਭਵਨ ਬਣ ਰਿਹਾ ਸੀ। ਵਿਅਕਤੀ ਨੇ ਭਵਨ ਵਲ ਵੇਖਿਆ। ਭਵਨ ਲੰਮੀ-ਚੋੜੀ ਜਗ੍ਹਾ ਉਤੇ ਬਣ ਰਿਹਾ ਸੀ। ਉਥੇ ਕਈ ਮਜ਼ਦੂਰ ਅਤੇ ਕਾਰੀਗਰ ਕੰਮ ਕਰ ਰਹੇ ਸਨ। ਕਾਰੀਗਰ ਦੀਵਾਰਾਂ ਬਣਾ ਰਹੇ ਸਨ ਅਤੇ ਮਜ਼ਦੂਰ ਸਮਾਨ ਪਹੁੰਚਾ ਰਹੇ ਸਨ। ਸਾਰਾ ਕੰਮ ਬਿਲਕੁਲ ਸਹੀ ਢੰਗ ਨਾਲ ਚਲ ਰਿਹਾ ਸੀ।

ਉਹ ਵਿਅਕਤੀ ਇਹ ਸਭ ਵੇਖਦਾ ਹੋਇਆ ਅੱਗੇ ਵਧਣ ਹੀ ਵਾਲਾ ਸੀ ਕਿ ਉਸ ਦੀ ਨਜ਼ਰ ਮਜ਼ਦੂਰਾਂ ਦੀ ਇਕ ਟੋਲੀ ਉਤੇ ਪਈ। ਮਜ਼ਦੂਰ ਇਕ ਵੱਡੇ ਪੱਥਰ ਨੂੰ ਉਥੋਂ ਚੁੱਕ ਕੇ ਦੀਵਾਰ ਦੇ ਨੇੜੇ ਲੈ ਕੇ ਜਾਣਾ ਚਾਹੁੰਦੇ ਸਨ।

ਮਜ਼ਦੂਰ ਬਹੁਤ ਸਾਰੇ ਸਨ ਪਰੰਤੂ ਪੱਥਰ ਬਹੁਤ ਜ਼ਿਆਦਾ ਭਾਰੀ ਸੀ। ਉਹ ਉਸ ਨੂੰ ਚੁੱਕਣ ਲਈ ਪੂਰੀ ਤਾਕਤ ਲਗਾ ਰਹੇ ਸਨ। ਪੱਥਰ ਆਪਣੀ ਜਗ੍ਹਾ ਤੋਂ ਹਲਕਾ ਜਿਹਾ ਹਿਲਦਾ ਸੀ ਅਤੇ ਫਿਰ ਵਾਪਸ ਆਪਣੀ ਪੁਰਾਣੀ ਜਗ੍ਹਾ ਪਹੁੰਚ ਜਾਂਦਾ ਸੀ। ਮਜ਼ਦੂਰ ਪਸੀਨਾ-ਪਸੀਨਾ ਹੋ ਰਹੇ ਸਨ ਅਤੇ ਉਸ ਪੱਥਰ ਨੂੰ ਹਟਾਉਣ ਲਈ ਆਪਣੀ ਪੂਰੀ ਤਾਕਤ ਲਾ ਚੁੱਕੇ ਸਨ। ਸਾਰੀਆਂ ਤਰਕੀਬਾਂ ਵੀ ਬੇਕਾਰ ਸਾਬਿਤ ਹੋਈਆਂ। ਮਜ਼ਦੂਰਾਂ ਤੋਂ ਥੋੜਾ ਦੂਰ ਇਕ ਵਿਅਕਤੀ ਖੜਾ ਸੀ ਜੋ ਆਪਣੀ ਵੇਸ਼ਭੂਸ਼ਾ ਤੋਂ ਠੇਕੇਦਾਰ ਜਾਂ ਮਜ਼ਦੂਰਾਂ ਦਾ ਸੁਪਰਵਾਈਜ਼ਰ ਲਗ ਰਿਹਾ ਸੀ। ਬਾਅਦ ਵਿਚ ਪਤਾ ਲੱਗਾ ਕਿ ਉਹ ਸੁਪਰਵਾਈਜ਼ਰ ਹੀ ਹੈ।

ਸੁਪਰਵਾਈਜ਼ਰ ਆਪਣੀ ਜਗ੍ਹਾ ਤੇ ਖੜੇ-ਖੜੇ ਮਜ਼ਦੂਰਾਂ ਦਾ ਹੌਸਲਾ ਵਧਾਉਂਦਾ ਰਿਹਾ ਲੇਕਿਨ ਜਦ ਉਹ ਆਪਣਾ ਕੰਮ ਕਰਨ ਵਿਚ ਅਸਫਲ ਰਹੇ ਤਾਂ ਉਹ ਉਹਨਾਂ ਨੂੰ ਬੁਰਾ-ਭਲਾ ਕਹਿਣ ਲੱਗਾ। ਉਸ ਨੇ ਮਜ਼ਦੂਰਾਂ ਨੂੰ ਕੰਮਚੋਰ ਵੀ ਕਹਿ ਦਿੱਤਾ। ਉਹ ਵਿਅਕਤੀ ਘੋੜੇ ਦੀ ਪਿੱਠ ਤੇ ਬੈਠਾ ਇਹ ਸਭ ਵੇਖ ਰਿਹਾ ਸੀ। ਉਸ ਦੇ ਮਨ ਵਿਚ ਮਜ਼ਦੂਰਾਂ ਦੇ ਲਈ ਹਮਦਰਦੀ ਆ ਗਈ। ਉਸ ਦਾ ਮੰਨਣਾ ਸੀ ਕਿ ਇਹ ਵਿਅਕਤੀ ਜੇਕਰ ਮਜ਼ਦੂਰਾਂ ਦੇ ਨਾਲ ਲੱਗ ਜਾਵੇ ਤਾਂ ਇਹ ਭਾਰੀ ਪੱਥਰ ਆਸਾਨੀ ਨਾਲ ਦੀਵਾਰ ਕੋਲ ਪਹੁੰਚ ਸਕਦਾ ਹੈ।

ਉਸ ਨੇ ਸੁਪਰਵਾਈਜ਼ਰ ਦੇ ਕੋਲ ਜਾ ਕੇ ਨਿਮਰਤਾ ਨਾਲ ਕਿਹਾ – ਜੇਕਰ ਤੁਸੀਂ ਇਹਨਾਂ ਮਜ਼ਦੂਰਾਂ ਦੀ ਥੋੜੀ ਮਦਦ ਕਰ ਦਿਉ ਤਾਂ ਇਹ ਪੱਥਰ ਆਸਾਨੀ ਨਾਲ ਦੀਵਾਰ ਤਕ ਪਹੁੰਚਾਇਆ ਜਾ ਸਕਦਾ ਹੈ।

ਘੁੜਸਵਾਰ ਵਿਅਕਤੀ ਦਾ ਇਸ ਪ੍ਰਕਾਰ ਕੰਮ ਵਿਚ ਦਖਲ ਦਿੱਤਾ ਜਾਣਾ ਸੁਪਰਵਾਈਜ਼ਰ ਨੂੰ



ਬਿਲਕੁਲ ਚੰਗਾ ਨਹੀਂ ਲਗਿਆ। ਉਸ ਨੇ ਕਿਹਾ - ਮੈਂ ਇਥੇ ਕੰਮ ਕਰਨ ਲਈ ਨਹੀਂ ਬਲਕਿ ਕੰਮ ਕਰਨ ਵਾਲੇ ਮਜ਼ਦੂਰਾਂ ਉਤੇ ਨਜ਼ਰ ਰੱਖਣ ਲਈ ਹਾਂ, ਇਹ ਕੰਮ ਮਜ਼ਦੂਰਾਂ ਦਾ ਹੈ, ਇਹਨਾਂ ਨੂੰ ਹੀ ਕਰਨ ਦਿਉ।

ਤੁਸੀਂ ਵੇਖ ਚੁਕੇ ਹੋ ਕਿ ਇਹ ਭਾਰੀ ਪੱਥਰ ਸਭ ਲੋਕ ਮਿਲ ਕੇ ਵੀ ਨਹੀਂ ਚੁੱਕ ਸਕਦੇ। ਇਹਨਾਂ ਦੀ ਇਮਾਨਦਾਰੀ ਉਤੇ ਤੁਹਾਨੂੰ ਸੰਦੇਹ ਨਹੀਂ ਕਰਨਾ ਚਾਹੀਦਾ। ਇਹ ਪੂਰੀ ਤਰ੍ਹਾਂ ਪਸੀਨੇ ਨਾਲ ਭਿੱਜੇ ਪਏ ਹਨ। ਤੁਸੀਂ ਜ਼ਰਾ ਜਿਹਾ ਸਹਾਰਾ ਦੇ ਦਿਉਗੇ ਤਾਂ ਇਹ ਕੰਮ ਝੱਟ ਹੋ ਜਾਵੇਗਾ - ਘੁੜਸਵਾਰ ਵਿਅਕਤੀ ਨੇ ਸੁਪਰਵਾਈਜ਼ਰ ਨੂੰ ਸਮਝਾਉਣ ਦਾ ਜਤਨ ਕਰਦੇ ਹੋਏ ਫਿਰ ਕਿਹਾ।

ਸੁਪਰਵਾਈਜ਼ਰ ਗੁੱਸੇ ਨਾਲ ਕਹਿਣ ਲੱਗਾ - ਤੁਹਾਨੂੰ ਮਜ਼ਦੂਰਾਂ ਨਾਲ ਜ਼ਿਆਦਾ ਹੀ ਹਮਦਰਦੀ ਹੈ ਤਾਂ ਘੋੜੇ ਤੋਂ ਉਤਰ ਕੇ ਇਹਨਾਂ ਦਾ ਸਹਿਯੋਗ ਕਿਉਂ ਨਹੀਂ ਕਰਦੇ? ਤਦ ਹੀ ਪਤਾ ਲਗੇਗਾ ਤੁਹਾਡੇ ਮਨ ਵਿਚ ਇਹਨਾਂ ਲਈ ਸੱਚੀ ਹਮਦਰਦੀ ਹੈ।''

ਇਹ ਸੁਣਦੇ ਹੀ ਘੁੜਸਵਾਰ ਘੋੜੇ ਤੋਂ ਥੱਲੇ ਉਤਰ ਆਇਆ।ਆਪਣਾ ਕੋਟ ਅਤੇ ਹੈਟ ਉਤਾਰ ਕੇ ਇਕ ਪਾਸੇ ਰੱਖ ਦਿੱਤਾ।

ਫਿਰ ਮਜ਼ਦੂਰਾਂ ਦੇ ਨਾਲ ਆ ਕੇ ਉਹਨਾਂ ਦਾ ਉਤਸਾਹ ਵਧਾਉਂਦੇ ਹੋਏ ਕਿਹਾ ''ਸ਼ਾਬਾਸ਼ ! ਪੂਰਾ ਜ਼ੋਰ ਲਗਾਉ ਭਰਾਵੋ, ਪੱਥਰ ਹੁਣੇ ਆਪਣੀ ਜਗ੍ਹਾ ਪਹੁੰਚ ਜਾਵੇਗਾ।''

ਮਜ਼ਦੂਰਾਂ ਉਤੇ ਘੁੜਸਵਾਰ ਵਿਅਕਤੀ ਦੀ ਗੱਲ ਦਾ ਪ੍ਰਭਾਵ ਪਿਆ। ਘੁੜਸਵਾਰ ਨੇ ਵੀ ਆਪਣੀ ਪੂਰੀ ਤਾਕਤ ਲਗਾ ਦਿੱਤੀ। ਵੇਖਦੇ ਹੀ ਵੇਖਦੇ ਪੱਥਰ ਦੀਵਾਰ ਕੋਲ ਪਹੁੰਚ ਗਿਆ।

ਘੁੜਸਵਾਰ ਨੇ ਆਪਣੇ ਹੱਥ ਸਾਫ ਕੀਤੇ। ਕੋਟ ਪਾਇਆ, ਸਿਰ ਉਤੇ ਹੈਟ ਰੱਖਿਆ। ਫਿਰ ਘੋੜੇ ਉਤੇ ਸਵਾਰ ਹੋ ਕੇ ਕਹਿਣ ਲੱਗਾ - ਸੁਪਰਵਾਈਜ਼ਰ ਸਾਹਿਬ ! ਕੋਈ ਕੰਮ ਨਿੱਕਾ ਜਾਂ ਵੱਡਾ ਨਹੀਂ ਹੁੰਦਾ। ਕੰਮ , ਕੰਮ ਹੁੰਦਾ ਹੈ। ਯਾਦ ਰਖੋ ਦੂਸਰੇ ਦੀ ਮਦਦ ਕਰਨ ਵਾਲਾ ਹੀ ਸੱਚਾ ਇਨਸਾਨ ਹੁੰਦਾ ਹੈ। ਜੇਕਰ ਕਦੇ ਕਿਸੇ ਕੰਮ ਨੂੰ ਖਤਮ ਕਰਨ ਵਿਚ ਇਕ ਆਦਮੀ ਦੀ ਜ਼ਰੂਰਤ ਪਏ ਤਾਂ ਤੁਸੀਂ ਰਾਸ਼ਟਰਪਤੀ ਭਵਨ ਆ ਜਾਇਉ।

ਸੁਪਰਵਾਈਜ਼ਰ ਨੇ ਆਪਣੇ ਸਾਹਮਣੇ ਘੋੜੇ ਉਤੇ ਬੈਠੇ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਨੂੰ ਨਹੀਂ ਪਹਿਚਾਣਿਆ ਸੀ। ਰਾਸ਼ਟਰਪਤੀ ਦੀ ਗੱਲ ਸੁਣ ਕੇ ਉਹ ਸ਼ਰਮ ਨਾਲ ਪਾਣੀ- ਪਾਣੀ ਹੋ ਕੇ ਉਹਨਾਂ ਤੋਂ ਮਾਫੀ ਮੰਗਣ ਲੱਗਾ।

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਜਵਾਬ

1) ਉਤਰਾਂਚਲ 2) ਹਲ 3) ਨਕੁਲ 4) ਜੂਲ
5) ਪੱਛਮੀ ਬੰਗਾਲ 6) ਤਾਜਮਹਿਲ 7) ਅਬੁਲ ਫਜ਼ਲ
8) ਕੋਡਾਈਕਨਾਲ 9) ਬ੍ਰਾਜ਼ੀਲ 10) ਨੈਨੀਤਾਲ
11) ਇਜ਼ਰਾਈਲ 12) ਵਿਕਟੋਰੀਆ ਮੈਮੋਰੀਅਲ।

ਪਰਸ਼ੂਰਾਮ ਸ਼ੁਕਲ



# ਕਦੇ ਕਦੇ ਸ਼ੋਰ ਮਚਾਉਂਦੇ ਹਾਂ

ਅਸੀਂ ਸਾਰੇ ਬੱਚੇ ਮਿਲ ਕੇ,
ਕਦੇ ਕਦੇ ਸ਼ੋਰ ਮਚਾਉਂਦੇ ਹਾਂ।

ਰੋਜ਼ ਸਵੇਰੇ ਉਠੱ ਕੇ ਪਹਿਲਾਂ
ਅਸੀਂ ਪੜ੍ਹਨ ਲਈ ਜਾਂਦੇ ਹਾਂ।
ਅਤੇ ਲੰਚ ਵਿਚ ਸਭ ਦਾ ਖਾਣਾ
ਮਿਲ-ਬੈਠ ਕੇ ਖਾਂਦੇ ਹਾਂ।
ਹਾ ਹਾ ਹੂ ਹੂ ਕਰਕੇ
ਹੱਸਦੇ ਅਤੇ ਹਸਾਉਂਦੇ ਹਾਂ।

ਖਾਣਾ ਖਾ ਕੇ ਪਾਣੀ ਪੀ ਕੇ,
ਆਪਣੀ ਭੁੱਖ ਮਿਟਾਉਂਦੇ ਹਾਂ।
ਮਿਲਜੁਲ ਕੇ ਹਾਂ ਪੜ੍ਹਾਈ ਕਰਦੇ,
ਅੱਗੇ ਵਧਦੇ ਜਾਂਦੇ ਹਾਂ।

ਛੁੱਟੀ ਦੀ ਘੰਟੀ ਵੱਜਦੇ ਹੀ,
ਖੂਬ ਦੌੜ ਲਗਾਉਂਦੇ ਹਾਂ।

ਕਦੇ ਕਦੇ ਅਸੀਂ ਚੜ ਰੁੱਖਾਂ ਤੇ,
ਫਲ ਤੋੜ ਕੇ ਖਾਂਦੇ ਹਾਂ।
ਦੌੜ ਲਗਾਉਣੀ ਅਤੇ ਕਬੱਡੀ,
ਵਿਚ ਵੀ ਦਮ ਅਜਮਾਂਦੇ ਹਾਂ।
ਲੜਦੇ ਅਤੇ ਝਗੜਦੇ ਲੇਕਿਨ,
ਫਿਰ ਵੀ ਸਾਥ ਨਿਭਾਉਂਦੇ ਹਾਂ।

ਪਿੰਡ ਦੇ ਕੋਲ ਹੀ ਕਲਕਲ ਕਰਦੀ,
ਨਦੀ ਪਿਆਰੀ ਵਹਿੰਦੀ ਹੈ।
ਗਰਮੀ ਦੇ ਵਿਚ ਸਭ ਬੱਚਿਆਂ ਨੂੰ,
ਆਉ ! ਆਉ ! ਕਹਿੰਦੀ ਹੈ।
ਮਾਰ ਛਲਾਂਗਾਂ ਡੁਬਕੀਆਂ ਲਾ ਕੇ,
ਇਸ ਵਿਚ ਖੂਬ ਨਹਾਉਂਦੇ ਹਾਂ।





❑ ਸੁਨੀਲ ਨਾਗਪਾਲ

# ਇੰਡੀਅਨ ਨੈਸ਼ਨਲ ਆਰਮੀ ਕੀ ਸੀ?

ਦੇਸ਼ ਦੀ ਆਜ਼ਾਦੀ ਵਿਚ ਆਪਣਾ ਯੋਗਦਾਨ ਦੇਣ ਵਾਲੇ ਨੇਤਾ ਸੁਭਾਸ਼ ਚੰਦਰ ਬੋਸ ਦੁਆਰਾ ਗਠਿਤ ਸੈਨਾ ਨੂੰ ਹੀ ਇੰਡੀਅਨ ਨੈਸ਼ਨਲ ਆਰਮੀ ਕਿਹਾ ਜਾਂਦਾ ਹੈ। ਇਸ ਆਰਮੀ ਦਾ ਗਠਨ ਨੇਤਾ ਜੀ ਦੁਆਰਾ ਸੰਨ 1942 ਵਿਚ ਕੀਤਾ ਗਿਆ ਸੀ, ਜਿਸ ਦਾ ਮਕਸਦ ਦੇਸ਼ ਵਿਚੋਂ ਅੰਗਰੇਜੀ ਤਾਕਤ ਨੂੰ ਜੜੋਂ ਪੁੱਟਣਾ ਸੀ। ਇੰਡੀਅਨ ਨੈਸ਼ਨਲ ਆਰਮੀ ਨੂੰ ਸਮਝਣ ਦੇ ਲਈ ਪਹਿਲਾਂ ਸਾਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਉਹਨਾਂ ਦੇ ਸੁਤੰਤਰਤਾ ਅੰਦੋਲਨ ਨੂੰ ਸਮਝਣਾ ਪਏਗਾ। ਨੇਤਾ ਜੀ ਸੁਭਾਸ਼ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਉੜੀਸਾ ਵਿਚ ਹੋਇਆ ਸੀ।

ਉਹ ਬ੍ਰਿਟੇਨ ਅੰਦਰ ਪ੍ਰਸ਼ਾਸਨਿਕ ਸੇਵਾ ਵਿਚ ਕਰਿਅਰ ਦੇ ਲਈ ਤਿਆਰੀ ਕਰ ਰਹੇ ਸਨ, ਪਰ ਜਦੋਂ ਉਹਨਾਂ ਨੇ ਆਪਣੇ ਦੇਸ ਵਿਚ ਸੁਤੰਤਰਤਾ ਅੰਦੋਲਨ ਦੇ ਬਾਰੇ ਸੁਣਿਆ ਤਾਂ ਉਹ ਅਸਤੀਫਾ ਦੇ ਕੇ ਭਾਰਤ ਆ ਗਏ ਅਤੇ ਕਾਂਗਰਸ ਵਿਚ ਸ਼ਾਮਿਲ ਹੋ ਗਏ। ਫਿਰ ਗਾਂਧੀ ਜੀ ਨੇ ਕਾਂਗਰਸ ਨੂੰ ਸੰਗਠਿਤ ਕਰਨ ਦੇ ਲਈ ਉਹਨਾਂ ਨੂੰ ਬੰਗਾਲ ਭੇਜਿਆ। ਹਾਲਾਂਕਿ ਉਹਨਾਂ ਦਾ ਗਾਂਧੀ ਜੀ ਨਾਲ ਵਿਚਾਰਿਕ ਮਤਭੇਦ ਸੀ ਕਿਉਂਕਿ ਨੇਤਾ ਜੀ ਉਦਯੋਗੀਕਰਨ ਦੇ ਪੱਖ ਵਿਚ ਸਨ, ਜੋ ਗਾਂਧੀ ਜੀ ਦੀ ਆਰਥਿਕ ਨੀਤੀ ਦੇ ਅਨੁਸਾਰ ਨਹੀਂ ਸੀ, ਲੇਕਿਨ ਉਹ ਐਨੇ ਪਾਪੂਲਰ ਲੀਡਰ ਸਨ ਕਿ ਬਿਨਾਂ ਗਾਂਧੀ ਜੀ ਦੇ ਸਮਰਥਨ ਦੇ 1938 ਅਤੇ 1939 ਵਿਚ ਕਾਂਗਰਸ ਦੇ ਅਧਿਅਕਸ਼ ਚੁਣੇ ਗਏ। ਇਹ ਵੱਖਰੀ ਗੱਲ ਹੈ ਉਹਨਾਂ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ। ਉਹ 1941 ਵਿਚ ਭਾਰਤ ਤੋਂ ਬਾਹਰ ਜਾ ਕੇ ਅੰਗਰੇਜ਼ਾਂ ਦੇ ਖਿਲਾਫ ਸੰਘਰਸ਼ ਕਰਨ ਲਗ ਪਏ, ਪਹਿਲਾਂ ਜਰਮਨੀ ਵਿਚ ਅਤੇ ਫਿਰ ਦੱਖਣ ਪੂਰਬ ਏਸ਼ੀਆ ਵਿਚ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਦੇ ਇਰਾਦੇ ਨਾਲ 1944 ਵਿਚ ਉਹਨਾਂ ਨੇ ਇੰਡੀਅਨ ਨੈਸ਼ਨਲ ਆਰਮੀ ਨਾਲ ਜਾਪਾਨੀਆਂ ਤੋਂ ਸਹਿਯੋਗ ਲੈ ਕੇ ਬਰਮਾ ਦੇ ਜਰੀਏ ਭਾਰਤ ਵਿਚ ਪ੍ਰਵੇਸ਼ ਕੀਤਾ ਪਰ ਇਹ ਕੋਸ਼ਿਸ਼ ਅਸਫਲ ਰਹੀ ਅਤੇ ਇੰਡੀਅਨ ਨੈਸ਼ਨਲ ਆਰਮੀ ਦੇ ਤਿੰਨ ਬਹਾਦਰ ਅਫਸਰ ਗ੍ਰਿਫਤਾਰ ਕਰ ਲਏ ਗਏ। ਇਹ ਤਿੰਨ ਅਧਿਕਾਰੀ ਮੇਜਰ ਜਨਰਲ ਸ਼ਹਨਵਾਜ ਖਾਨ, ਲੈਫਟੀਨੈਂਟ ਕਰਨਲ ਗੁਰਬਖਸ਼ ਸਿੰਘ ਢਿੱਲੋਂ ਅਤੇ ਕਰਨਲ ਪ੍ਰੇਮ ਸਹਿਗਲ ਸਨ, ਜੋ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਸਭ ਕੁਝ ਦਾਅ ਤੇ ਲਗਾ ਕੇ ਫੌਜੀਆਂ ਨੂੰ ਇਕੱਠੇ ਕਰਦੇ ਸਨ ਤਾਂਕਿ ਭਾਰਤ ਵਿਚ ਪ੍ਰਵੇਸ਼ ਕਰਕੇ ਅੰਗਰੇਜ਼ਾਂ ਦਾ ਤਖਤਾ ਪਲਟ ਦੇਣ ਅਤੇ ਦੇਸ਼ ਆਜ਼ਾਦ ਹੋ ਜਾਵੇ।



❑ ਜਸਵਿੰਦਰ ਸ਼ਾਇਰ

# ਮੋਤੀਆਂ ਦਾ ਹਾਰ

**ਹਰ** ਰੋਜ਼ ਦੀ ਤਰ੍ਹਾਂ ਕ੍ਰਿਸ਼ਨ ਦੇਵ ਰਾਇ ਆਪਣੇ ਦਰਬਾਰ ਵਿਚ ਬੈਠੇ ਆਪਣੀ ਪਰਜਾ ਦੇ ਦੁੱਖ-ਸੁੱਖ ਸੁਣ ਰਹੇ ਸਨ। ਅਚਾਨਕ ਦਰਬਾਰ ਵਿਚ ਦੋ ਭਰਾ ਆਏ। ਉਹਨਾਂ ਵਿਚੋਂ ਛੋਟਾ ਭਰਾ ਕਹਿ ਰਿਹਾ ਸੀ ਕਿ ਸਾਡੇ ਪਿਤਾ ਜੀ ਕੋਲ ਇਕ ਬਹੁਤ ਕੀਮਤੀ ਹਾਰ ਸੀ, ਪਰ ਵੱਡਾ ਭਰਾ ਕਹਿ ਰਿਹਾ ਹੈ ਕਿ ਉਹ ਹਾਰ ਨਕਲੀ ਸੀ ਅਤੇ ਉਹ ਮੇਰੇ ਤੋਂ ਗਵਾਚ ਗਿਆ ਹੈ। ਮੈਨੂੰ ਇਸ ਦਾ ਕੋਈ ਗਮ ਨਹੀਂ ਹੈ। ਨਾ ਹੀ ਮੈਂ ਉਸ ਦੇ ਵਿਚੋਂ ਕੋਈ ਹਿੱਸਾ ਮੰਗ ਰਿਹਾ ਹਾਂ, ਪਰ ਮੇਰਾ ਵੱਡਾ ਭਰਾ ਮੇਰੇ ਸਵਰਗਵਾਸੀ ਪਿਤਾ ਜੀ ਦੀ ਇਮਾਨਦਾਰੀ ਉਤੇ ਜੋ ਤੋਹਮਤ ਲਾ ਰਿਹਾ ਹੈ ਉਹ ਮੇਰੇ ਤੋਂ ਬਰਦਾਸ਼ਤ ਨਹੀਂ ਹੁੰਦੀ। ਜੋ ਪਿਤਾ ਆਪਣੇ ਨੌਕਰਾਂ ਤਕ ਨੂੰ ਵੀ ਅਸਲੀ ਜੇਵਰ ਦਾਨ ਵਿਚ ਦਿੰਦੇ ਸਨ ਭਲਾ ਉਹ ਆਪਣੇ ਲਈ ਨਕਲੀ ਮੋਤੀਆਂ ਦਾ ਹਾਰ ਕਿਉਂ ਬਣਾਉਣਗੇ। ਜੇਕਰ ਹਾਰ ਸਾਡੇ ਸਾਹਮਣੇ ਹੁੰਦਾ ਤਾਂ ਕੁਝ ਫੈਸਲਾ ਹੋ ਜਾਂਦਾ, ਐਪਰ ਵੱਡੇ ਭਰਾ ਦੇ ਅਨੁਸਾਰ ਹਾਰ ਉਸ ਤੋਂ ਗਵਾਚ ਗਿਆ ਹੈ। ਹੁਣ ਝੂਠ ਅਤੇ ਸੱਚ ਦੀ ਤੇ ਅਸਲੀ ਨਕਲੀ ਦੀ ਪਹਿਚਾਣ ਕਿਵੇਂ ਹੋ ਸਕਦੀ ਹੈ।

ਰਾਜਾ ਕ੍ਰਿਸ਼ਨ ਦੇਵ ਰਾਏ ਬੜੀ ਹੀ ਉਲਝਣ ਵਿਚ ਫਸ ਗਿਆ ਅਤੇ ਸੋਚਣ ਲੱਗ ਪਿਆ ਕਿ ਫੈਸਲਾ ਕੀ ਕੀਤਾ ਜਾਵੇ। ਸਹਾਇਤਾ ਦੀ ਆਸ ਵਿਚ ਉਨ੍ਹਾਂ ਨੇ ਮਹਾਚਤੁਰ ਗਿਆਨੀ ਤੇਨਾਲੀ ਰਾਮ ਉਤੇ ਨਜ਼ਰ ਮਾਰੀ। ਤੇਨਾਲੀ ਰਾਮ ਨੇ ਮਹਾਰਾਜ ਦਾ ਇਸ਼ਾਰਾ ਪਾ ਕੇ ਉਨ੍ਹਾਂ ਦੋਹਾਂ ਭਰਾਵਾਂ ਨੂੰ ਕਿਹਾ ਕਿ ਸੇਠ ਜੀ ਆਪਣਾ ਕੀਮਤੀ ਸਮਾਨ ਕਿੱਥੇ ਰੱਖਦੇ ਸਨ? ਉਹਨਾਂ ਨੇ ਕਿਹਾ ਕਿ "ਡੱਬਿਆਂ ਵਿਚ ਰੱਖਦੇ ਸਨ"। ਉਹਨਾਂ ਡੱਬਿਆਂ ਨੂੰ ਤੁਸੀਂ ਕੱਲ੍ਹ ਦਰਬਾਰ ਵਿਚ ਲੈ ਕੇ ਆਉਣਾ, ਫਿਰ ਫੈਸਲਾ ਹੋਵੇਗਾ। ਅਗਲੇ ਦਿਨ ਖਾਲੀ ਡੱਬਿਆਂ ਸਹਿਤ ਦੋਵੇਂ ਭਰਾ ਦਰਬਾਰ ਵਿਚ ਹਾਜ਼ਰ ਹੋਏ, ਤੇਨਾਲੀ ਰਾਮ ਨੇ ਸਾਰਿਆਂ ਡੱਬਿਆਂ ਨੂੰ ਉਲਟਾ ਕੇ ਚੰਗੀ ਤਰ੍ਹਾਂ ਦੇਖਿਆ, ਫਿਰ ਉਸ ਦੀ ਨਜ਼ਰ ਛੋਟੀ ਜਿਹੀ ਸੰਦੂਕੜੀ ਤੇ ਪਈ। ਤੇਨਾਲੀ ਰਾਮ ਨੇ ਕਿਹਾ, ਇਸ ਸੰਦੂਕੜੀ ਚ ਤੁਹਾਡੇ ਪਿਤਾ ਜੀ ਕੀ ਰੱਖਦੇ ਸਨ? ਛੋਟਾ ਭਰਾ ਕਹਿਣ ਲੱਗਾ ਕਿ – ਇਸ ਵਿਚ ਪਿਤਾ ਜੀ ਸਭ ਤੋਂ ਕੀਮਤੀ ਚੀਜ਼ ਹਾਰ ਰੱਖਦੇ ਸਨ। ਤੇਨਾਲੀ ਰਾਮ ਨੇ ਉਹਨਾਂ ਨੂੰ ਪੁੱਛਿਆ – ਉਹਨਾਂ ਦੀ ਸਭ ਤੋਂ ਕੀਮਤੀ ਚੀਜ਼ ਮੋਤੀਆਂ ਦਾ ਹਾਰ ਸੀ। ਤੇਨਾਲੀ ਰਾਮ ਨੇ ਕਿਹਾ ਮਹਾਰਾਜ ! ਹੁਣ ਇਹ ਸੋਚੋ ਕਿ ਜਿਹੜੀ ਸੇਠ ਜੀ ਦੀ ਸਭ ਤੋਂ ਕੀਮਤੀ ਚੀਜ਼ ਸੀ ਅਤੇ ਉਹ ਇਸ ਕੀਮਤੀ ਚੀਜ਼ ਨੂੰ ਸੰਦੂਕੜੀ ਵਿਚ ਰੱਖਦੇ ਸਨ। ਹੁਣ ਆਪ ਜੀ ਹੀ ਦੱਸੋ, ਕਿ ਉਹ ਨਕਲੀ ਕਿਵੇਂ ਹੋ ਸਕਦੀ ਹੈ। ਉਸ ਵਕਤ ਵੱਡੇ ਭਰਾ ਨੇ ਮਹਾਰਾਜ ਤੋਂ ਮਾਫੀ ਮੰਗੀ ਅਤੇ ਆਪਣੇ ਛੋਟੇ ਭਰਾ ਨੂੰ ਅੱਧਾ ਹਿੱਸਾ ਦੇਣ ਦਾ ਵਾਅਦਾ ਕੀਤਾ। ਤੇਨਾਲੀ ਰਾਮ ਦੀ ਸੂਝ-ਬੂਝ ਅਤੇ ਅਕਲਮੰਦੀ ਦੀ ਸਾਰੇ ਦਰਬਾਰੀ ਵਾਹ-ਵਾਹ ਕਰਨ ਲੱਗੇ।

ਇਸ ਕਹਾਣੀ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਜੋ ਧਨ ਅਤੇ ਸੰਪਤੀ ਲਈ ਲਾਲਚੀ ਨਾ ਹੋਣ ਉਹ ਹੀ ਅਸਲ ਵਿਚ ਆਪਣੇ ਹਨ।



# ਰੰਗ ਭਰੋ



ਨਾਂ ........................................................................ਉਮਰ..........

ਪੂਰਾ ਪਤਾ......................................................................................

..............................................................................................

..............................................................................................

# ਦਸੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਸੰਦੀਪ ਕੌਰ ਜਸਵਾਲ (ਉਮਰ 10 ਸਾਲ)
ਪਿੰਡ ਤੇ ਡਾਕਖਾਨਾ - ਦੰਦਿਆਈ ਖੁਰਦ
ਜਿਲਾ - ਸ਼ਹੀਦ ਭਗਤ ਸਿੰਘ ਨਗਰ (ਪੰਜਾਬ)

**ਦੂਸਰਾ ਨੰ :**

ਗੁਰਪ੍ਰੀਤ ਸਿੰਘ (ਉਮਰ 12 ਸਾਲ)
ਗਲੀ ਨੰ - 1, ਆਦਰਸ਼ ਨਗਰ, ਗਿਦੜਬਾਹਾ
ਜਿਲਾ - ਸ੍ਰੀ ਮੁਕਤਸਰ ਸਾਹਿਬ (ਪੰਜਾਬ)

**ਤੀਸਰਾ ਨੰ :**

ਸ਼ਿਵਪ੍ਰਤ ਸਿੰਘ (ਉਮਰ 7 ਸਾਲ)
ਪਿੰਡ ਤੇ ਡਾਕਖਾਨਾ - ਅਮਰਾਲੀ
ਜਿਲਾ - ਰੋਪੜ (ਪੰਜਾਬ)



## ਪਸੰਦ ਕੀਤੇ ਗਏ -


ਸੁਨੀਤਾ (ਸ਼ਹੀਦ ਭਗਤ ਸਿੰਘ ਨਗਰ) ਵਿਧਿਤ (ਖੁਸ਼ਹਾਲ ਪੁਰ)
ਯਸ਼ਿਕਾ (ਡੇਰਾ ਬਾਬਾ ਨਾਨਕ)
ਭਵਿਤਾ (ਚਵਿੰਡਾ ਦੇਵੀ)
ਪਰਵੀਨ ਕੌਰ (ਨਾਨਕ ਨਗਰੀ)
ਸੁਖਪ੍ਰੀਤ ਕੌਰ (ਮਲੋਟ)
ਨਵਜੀਤ (ਮੋਹਾਲੀ)
ਹੈਵਨ ਸੁਮਨ (ਫਗਵਾੜਾ)
ਸਿਮਰਨ ਕੌਰ (ਧਰਮਪੁਰਾ)
ਰਾਣੀ (ਦਿੱਲੀ)
ਲਾਡੋ (ਵਿਸ਼ਾਲੀ)
ਮਾਨਸੀ (ਨਿਰੰਕਾਰੀ ਕਾਲੋਨੀ)
ਨਿਤੀ ਚੰਦਰ (ਲੁਧਿਆਣਾ)
ਸੁਖਪ੍ਰੀਤ ਸਿੰਘ (ਮਾਨਸਾ)
ਜਸਜੋਤ ਕੌਰ (ਕਰਤਾਰ ਨਗਰ)
ਵੰਦਿਤਾ (ਦਿੱਲੀ)
ਤਮੰਨਾ (ਗਾਂਧੀ ਵਿਹਾਰ)

## ਫਰਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਫਰਵਰੀ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਅਪਰੈਲ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।




❑ ਡਾ. ਅਮਰਜੋਤ ਸਿੰਘ

# ਵਾਤਾਵਰਨ ਕੀ ਹੁੰਦਾ ਹੈ?

**ਬੱਚਿਉ,** ਮਨੁੱਖ ਚੰਨ ਅਤੇ ਹੋਰ ਗ੍ਰਹਿਆਂ ਦੀ ਜਿੰਨੀ ਵਧੇਰੇ ਥਾਹ ਪਾ ਰਿਹਾ ਹੈ, ਉਨਾਂ ਹੀ ਵਾਤਾਵਰਨ ਦਾ ਵਿਸ਼ਾ ਦਿਲਚਸਪ ਹੁੰਦਾ ਜਾ ਰਿਹਾ ਹੈ। ਕੀ ਦੂਜੇ ਗ੍ਰਹਿਆਂ ਤੇ ਵੀ ਵਾਤਾਵਰਨ ਹੈ? ਜਿਥੋਂ ਤੱਕ ਵਿਗਿਆਨਕ ਮਾਹਿਰਾਂ ਦਾ ਕਹਿਣਾ ਹੈ, ਹੁਣ ਤਕ ਕਿਸੇ ਗ੍ਰਹਿ ਜਾਂ ਤਾਰੇ ਤੇ ਸਾਡੇ ਵਰਗਾ ਵਾਤਾਵਰਨ ਨਹੀਂ ਮਿਲਿਆ।

ਪਿਆਰੇ ਬੱਚਿਉ ! ਪਹਿਲਾਂ ਤੁਹਾਨੂੰ ਦੱਸ ਦੇਈਏ ਕਿ ਵਾਤਾਵਰਨ ਕੀ ਹੁੰਦਾ ਹੈ? ਵਾਤਾਵਰਨ ਵੱਖ-ਵੱਖ ਤਰਾਂ ਦੀਆਂ ਗੈਸਾਂ ਹਨ ਜੋ ਕਿ ਹਰ ਥਾਂ ਤੇ ਇਕ ਅਨੁਪਾਤ ਵਿਚ ਹੁੰਦੀਆਂ ਹਨ। ਲਗਭਗ 78 ਫੀਸਦੀ ਨਾਈਟ੍ਰੋਜਨ ਹੈ, ਲਗਭਗ 21 ਫੀਸਦੀ ਆਕਸੀਜਨ ਹੈ ਅਤੇ ਬਾਕੀ ਇਕ ਫੀਸਦੀ ਵਿਚ ਦੁਰਲੱਭ ਗੈਸਾਂ ਹਨ, ਜਿਵੇਂ ਅਠਰਗਨ, ਨੀਉਨ, ਹੀਲੀਅਮ, ਕ੍ਰਿਪਟੋਨ ਅਤੇ ਜੇਨੋਨ। ਧਰਤੀ ਨੂੰ ਜਿਸ ਹਵਾ ਨੇ ਢੱਕਿਆ ਹੋਇਆ ਹੈ ਉਸ ਦੀ ਰਸਾਇਣਕ ਬਨਾਵਟ ਹੈ। ਇਹ 18 ਮੀਲ ਉਪੱਰ ਤੱਕ ਤੋਂ 44 ਮੀਲ ਉਪਰ ਵੀ ਜਾ ਸਕਦੀ ਹੈ। ਜਦੋਂ ਤੁਸੀਂ ਵਾਤਾਵਰਨ ਦੀ ਇਸ ਪਰਤ ਦੇ ਸਿਖਰ ਤੇ ਪੁੱਜ ਜਾਂਦੇ ਹੋ ਤਾਂ ਤੁਸੀਂ ਟਰੋਪੋਸਫੀਅਰ ਦੇ ਅਖੀਰ ਤੱਕ ਪੁੱਜ ਜਾਂਦੇ ਹੋ। ਇਹ ਪਰਤ ਧਰਤੀ ਦੇ ਸਭ ਤੋਂ ਨੇੜਲੀ ਪਰਤ ਹੁੰਦੀ ਹੈ। ਇਸ ਤੋਂ ਬਾਅਦ ਵਾਲੀਆਂ ਪਰਤਾਂ ਵਿਚ ਧਰਤੀ ਦੀ ਸਤਹ ਤੋਂ 18 ਤੋਂ 31 ਮੀਲ ਉਪੱਰ ਤਕ ਗਰਮ ਹਵਾ ਦੀ ਪਰਤ ਹੈ ਸ਼ਾਇਦ ਲਗਭਗ 42 ਡਿਗਰੀ ਸੈਂਟੀਗ੍ਰੇਡ। ਇਸ ਵਿਚ ਉਜ਼ੋਨ ਮੌਜੂਦ ਹੁੰਦੀ ਹੈ ਜੋ ਸੂਰਜ ਦੀ ਗਰਮੀ ਨੂੰ ਜਜ਼ਬ ਕਰਦੀ ਹੈ, ਜਿਸ ਨਾਲ ਇਹ ਪਰਤ ਗਰਮ ਹੋ ਜਾਂਦੀ ਹੈ।

ਬੱਚਿਉ ! ਕੀ ਤੁਸੀਂ ਜਾਣਦੇ ਹੋ ਉਜ਼ੋਨ ਕੀ ਹੈ? ਇਹ ਖਾਸ ਕਿਸਮ ਦੀ ਆਕਸੀਜਨ ਹੈ, ਜਿਸ ਵਿਚ ਐਟਮ ਦੇ ਸਮਾਨ ਦੋ ਕਣਾਂ ਦੀ ਥਾਂ ਤੇ ਤਿੰਨ ਗੁਣ ਹੁੰਦੇ ਹਨ। ਉਜ਼ੋਨ ਦੀ ਗਰਮ ਪਰਤ ਸਾਡੀ ਸੁਰੱਖਿਆ ਸੂਰਜ ਦੀਆਂ ਸਭ ਤੋਂ ਤੇਜ਼ ਪੈਰਾਬੈਂਗਣੀ ਕਿਰਨਾਂ ਤੋਂ ਕਰਦੀ ਹੈ। ਇਸ ਤੋਂ ਬਗੈਰ ਅਸੀਂ ਸੂਰਜ ਦੀ ਰੌਸ਼ਨੀ ਬਰਦਾਸ਼ਤ ਨਹੀਂ ਕਰ ਸਕਦੇ। ਇਸ ਪਰਤ ਦੇ ਉਪੱਰ ਪਰਤਾਂ ਦੀ ਇਕ ਲੜੀ ਹੁੰਦੀ ਹੈ ਜਿਸ ਨੂੰ ਆਈਨੋਸਫੀਅਰ ਕਹਿੰਦੇ ਹਨ। ਜੋ ਪ੍ਰਿਥਵੀ ਦੀ ਤਹਿ ਤੋਂ 44 ਮੀਲ ਉਪੱਰ ਤਕ ਹੁੰਦੀ ਹੈ। ਇਸ ਦੇ ਕਣ ਸੂਰਜ ਤੋਂ ਭਰਪੂਰ ਬਿਜਲੀ ਨਾਲ ਚਾਰਜ ਹੁੰਦੇ ਹਨ।

ਹਵਾ ਦੇ ਕਣ ਨਿਰੰਤਰ ਗਤੀ ਵਿਚ ਰਹਿੰਦੇ ਹਨ ਅਤੇ ਇਕ ਦੂਜੇ ਨਾਲ ਟਕਰਾਉਂਦੇ ਰਹਿੰਦੇ ਹਨ। ਇਸੇ ਤੋਂ ਵਾਤਾਵਰਣ ਬਣਿਆ ਰਹਿੰਦਾ ਹੈ। ਜਿਵੇਂ ਜਿਵੇਂ ਅਸੀਂ ਉਪੱਰ ਜਾਂਦੇ ਹਾਂ, ਹਵਾ ਪਤਲੀ ਹੁੰਦੀ ਜਾਂਦੀ ਹੈ। ਇਹ ਕਣ ਇਕ ਦੂਜੇ ਨੂੰ ਰੋਕ ਨਹੀਂ ਸਕਦੇ ਅਤੇ ਵਾਤਾਵਰਨ ਸਾਫ ਹੋ ਜਾਂਦਾ ਹੈ। 400 ਤੋਂ 1500 ਮੀਲ ਉਪੱਰ ਮੁਕਤ ਹੋਏ ਕਣ ਆਜ਼ਾਦੀ ਨਾਲ ਘੁੰਮਦੇ ਹਨ। ਇਸ ਨੂੰ ਬ੍ਰਹਿਮੰਡ ਕਹਿੰਦੇ ਹਨ।



❑ ਸਤਪਾਲ ਸਾਹਲੋਂ

# ਇਕਤਾਲੀ ਮੋਤੀ

ਊੜਾ ਉੱਲੂ ਬਾਤ ਸੁਣਾਵੇ। ਨੈਂਣੀ ਨੀਂਦਰ ਮੂਲ ਨਾ ਆਵੇ।
ਐੜਾ ਅੰਬਾਂ ਦੇ ਅੰਬਾਰ। ਚੂਪਣ ਸਾਰੇ ਚੂਪਾ ਮਾਰ।
ਈੜੀ ਇੰਜਣ ਚੱਲਦਾ ਜਾਵੇ। ਸਭ ਨੂੰ ਮੰਜ਼ਿਲ ਤੇ ਪਹੁੰਚਾਵੇ।
ਸੱਸਾ ਸੱਪ ਫਰਾਟੇ ਮਾਰੇ। ਵੇਖ ਕੇ ਇਸ ਨੂੰ ਡਰਦੇ ਸਾਰੇ।
ਹਾਹਾ ਹਾਥੀ ਚਾਲ ਨਿਰਾਲੀ। ਸਭ ਦੀ ਕਰਦਾ ਰੂਹ ਮਤਵਾਲੀ।

ਕੱਕਾ ਕਾਗਜ਼ ਕਲਮ ਸਿਆਹੀ। ਜੀਵਨ ਵਿੱਚ ਕਰਦੇ ਰੁਸ਼ਨਾਈ।
ਖੱਖਾ ਖੰਭ ਉਡਾਵਣ ਪੰਛੀ। ਅੰਬਰਾਂ ਨੂੰ ਹੱਥ ਲਾਵਣ ਪੰਛੀ।
ਗੱਗਾ ਗਾਜਰ ਜੋ ਵੀ ਖਾਵੇ। ਤਾਕਤਵਰ ਉਹ ਜਿਸਮ ਬਣਾਵੇ।
ਘੱਘਾ ਘਰ ਜੋ ਅਪਣਾ ਘਰ ਜੀ। ਮਨ ਵਿੱਚ ਦੇਂਦਾ ਹਾਸੇ ਭਰ ਜੀ।
ਙੰਙਾ ਨੱਕ 'ਚੋਂ ਵਾਜ ਸੁਣਾਵੇ। ਵੰਙਾਂ ਦਾ ਜੋ ਹੋਕਾ ਲਾਵੇ।

ਚੱਚਾ ਚੂਜ਼ਾ ਲੱਗੇ ਪਿਆਰਾ। ਮਖਮਲ ਰੰਗਾ ਨਿਆਰਾ-ਨਿਆਰਾ।
ਛੱਛਾ ਛੱਲੀ ਖਾ ਲਉ ਭਾਈ। ਦੰਦਾਂ ਦੀ ਕਰਦੀ ਰਗੜਾਈ।
ਜੱਜਾ ਜੋਕਰ ਖੂਬ ਹਸਾਵੇ। ਸਰਕਸ ਵਿੱਚ ਰੌਣਕ ਲੈ ਆਵੇ।
ਝੱਜਾ ਝੰਡਾ ਸਾਨੂੰ ਪਿਆਰਾ। ਇਹ ਤਿਰੰਗਾ ਜਗ ਤੋਂ ਨਿਆਰਾ।
ਞੰਞਾ ਸ਼ਬਦਾਂ ਵਣ ਵਿਚਕਾਰ। ਜੰਞ, ਤ੍ਰਿੰਞਣ ਹੋਣ ਤਿਆਰ।

ਟੈਂਕਾਂ ਟੱਬ ਟਮਾਟਰ ਟੱਲੀ। ਟੈਲੀਫੂਨ ਪਾਏ ਤਰਥੱਲੀ।
ਠੱਠਾ ਠੇਲਾ ਢੋਵੇ ਭਾਰ। ਕਾਮੇ ਦਾ ਇਹ ਬਣ ਆਧਾਰ।
ਡੱਡਾ ਡਮਰੂ ਖੂਬ ਵਜਾਵੇ। ਬਾਂਦਰ ਨੱਚਦਾ ਨੱਚਦਾ ਆਵੇ।
ਢੱਢਾ ਢੋਲ ਵਜਾਊ ਢੋਲੀ। ਭੰਗੜਾ ਪਾਵੇ ਸਾਡੀ ਟੋਲੀ।
ਣਾਣਾ ਬਣ ਪਿਛੇਤਰ ਭਾਈ। ਛਣਕਣਾ ਜਾਵੇ ਉਹ ਛਣਕਾਈ।

# ਗੁਰਮੁਖੀ ਅੱਖਰਮਾਲਾ ਦੇ



ਤੱਤਾ ਤੱਕੜੀ ਫੇਰ ਨਾ ਪਾਵੇ। ਤੇਰਾ ਤੇਰਾ ਤੋਲੀ ਜਾਵੇ।
ਥੱਥਾ ਥਰਮਸ ਥੱਥਾ ਥਾਲੀ। ਦੋਹਾਂ ਦੀ ਹੈ ਖੇਡ ਨਿਰਾਲੀ।
ਦੱਦਾ ਦੰਦ ਸਰੀਰ ਦਾ ਗਹਿਣਾ। ਰੱਖਣੀ ਸਫਾਈ ਵੀਰਾਂ ਭੈਣਾਂ।
ਧੱਧਾ ਧਾਗਾ ਸੂਈ ਲੈ ਕੇ। ਸੀਅ ਲਉ ਕਿਸਮਤ ਦੇਸ਼ ਦੀ ਬਹਿ ਕੇ।
ਨੱਨਾ ਨਕਸ਼ਾ ਦੇਸ਼ ਦਾ ਪਿਆਰਾ। ਦੇਸ਼ ਤੇ ਸਾਨੂੰ ਗੌਰਵ ਭਾਰਾ।

ਪੱਪਾ ਪੌੜੀ ਚੜਦਾ ਜਾਵੀਂ। ਹਿੰਮਤ ਕਰਕੇ ਮੰਜ਼ਿਲ ਪਾਵੀਂ।
ਫੱਫਾ ਫੱਟੀ ਲਿਖ ਲਉ ਪਿਆਰੇ। ਕਿਸਮਤ ਦੇ ਜੋ ਰੰਗ ਨਿਆਰੇ।
ਬੱਬਾ ਬਸਤਾ ਚੁੱਕ ਲੈ ਭਾਈ। ਜਿਸ ਨੇ ਹੈ ਕਿਸਮਤ ਚਮਕਾਈ।
ਭੱਭਾ ਭੇਡ ਤੋਂ ਮਿਲਦੀ ਉਨ। ਜਿਸ ਨਾਲ ਲਈਏ ਲੋਈ ਬੁਣ।
ਮੱਮਾ ਮੱਛੀ ਜਲ ਦੀ ਰਾਣੀ।ਬਾਹਰ ਕੱਢੋ, ਤਾਂ ਮਰ ਜਾਣੀ।

ਯਯਾ ਯੱਕਾ ਦੌੜੀ ਜਾਵੇ। ਪੈਂਡਾ ਪਲ ਵਿੱਚ ਆਪ ਮੁਕਾਵੇ।
ਰਾਰਾ ਰੁੱਖ ਲਗਾਈਏ ਜੀ। ਵਾਤਾਵਰਨ ਬਚਾਈਏ ਜੀ।
ਲੱਲਾ ਲੱਡੂ ਸ਼ਗਨ ਪਿਆਰੇ। ਭਾਗਾਂ ਵਾਲੇ ਇਹ ਸਵੀਕਾਰੇ।
ਵਾਵਾ ਵੇਲਣ ਗੋਲ ਪਿਆਰੀ। ਰੋਟੀ ਵੀ ਕਰੇ ਗੋਲ ਨਿਆਰੀ।
ੜਾੜਾ ਅੱਗੇ ਮੂਲ ਨਾ ਲੱਗਦਾ। ਪਿੱਛੇ ਲੱਗੇ ਡਾਢਾ ਫੱਬਦਾ।

ਸ਼ਸ਼ਾ ਸ਼ਲਗਮ ਲੋਹਾ ਖਾਉ। ਤੰਦਰੁਸਤ ਹੈ ਸਿਹਤ ਬਣਾਉ।
ਖ਼ੱਖਾ ਖ਼ੁਰਬੂਜਾ ਹੈ ਪਿਆਰਾ। ਖਾ ਕੇ ਲਈਏ ਯਾਰ ਨਜ਼ਾਰਾ।
ਗ਼ੱਗਾ ਗ਼ਲੀਚਾ ਮਖਮਲ ਜਾਪੇ। ਮੋਰਾਂ ਦੇ ਨੇ ਇਸ ਤੇ ਛਾਪੇ।
ਜ਼ੱਜ਼ਾ ਜ਼ੇਵਰ ਬਹੁਤ ਪਿਆਰੇ। ਹਰ ਹਿਰਦੇ ਨੇ ਇਹ ਸਤਿਕਾਰੇ।
ਫ਼ੱਫ਼ਾ ਫ਼ੁੱਟਾ ਮਿਣਦਾ ਜਾਵੇ। ਹੱਦਾਂ ਬੰਨੇ ਗਿਣਦਾ ਜਾਵੇ।
ਲ਼ੱਲਾ ਗਿਣ ਲੈ ਕਰ ਨਾ ਕਾਹਲੀ। ਮਾਲਾ ਦੇ ਮੋਤੀ ਇਕਤਾਲੀ।

# ਕਦੇ ਨਾ ਭੁੱਲੋ

- ਨਿਰੰਕਾਰ-ਪ੍ਰਭੂ ਦੀ ਪ੍ਰਾਪਤੀ ਹੀ ਮਾਨਵ ਜੀਵਨ ਦਾ ਮੁੱਖ ਉਦੇਸ਼ ਹੈ।
- ਗਿਆਨ ਉਜਾਲਾ ਹੈ ਅਤੇ ਅਗਿਆਨ ਅੰਧਕਾਰ।
- ਸਤਿਗੁਰੂ ਤਾਂ ਰਸਤਾ ਦਿਖਾਉਂਦਾ ਹੈ, ਉਸ ਰਸਤੇ ਤੇ ਚਲਣਾ ਤਾਂ ਸਾਨੂੰ ਚਾਹੀਦਾ ਹੈ।
- ਦੂਸਰਿਆਂ ਨੂੰ ਭਲਾ-ਬੁਰਾ ਕਹਿਣ ਤੋਂ ਪਹਿਲਾਂ ਜਰਾ ਅਸੀਂ ਆਪਣੇ-ਆਪ ਵਲ ਵੇਖੀਏ ਕਿ ਅਸੀਂ ਕਿੰਨੇ ਭਲੇ-ਬੁਰੇ ਹਾਂ।
- ਇਕ ਅੱਛੀ ਮਾਂ ਸੌ ਟੀਚਰਾਂ ਦੇ ਬਰਾਬਰ ਹੈ। ਇਸ ਲਈ ਉਸਦਾ ਹਰ ਹਾਲਤ ਵਿਚ ਸਤਿਕਾਰ ਕਰਨਾ ਚਾਹੀਦਾ ਹੈ।
- ਕਾਸ਼ ! ਸੰਸਾਰ ਵਿਚ ਸਭ ਇਨਸਾਨਾਂ ਨੂੰ ਰਲਮਿਲ ਕੇ ਰਹਿਣ ਦੀ ਜਾਚ ਆ ਜਾਵੇ।
- ਤਲਵਾਰ ਦੇ ਜਖਮ ਭਰ ਜਾਂਦੇ ਹਨ ਪਰ ਜਬਾਨ ਦੁਆਰਾ ਬੋਲੇ ਗਏ ਬੋਲ ਦਿਲਾਂ ਨੂੰ ਛਲਨੀ ਕਰ ਦਿੰਦੇ ਹਨ ਜੋ ਕਦੇ ਨਹੀ ਭੁੱਲਦੇ।
- ਨਫਰਤ ਤੋਂ ਜਿਆਦਾ ਸ਼ਕਤੀਸ਼ਾਲੀ ਪਿਆਰ ਅਤੇ ਮਾਫੀ ਹੈ।

(ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ)

- ਸੰਤ-ਮਹਾਂਪੁਰਸ਼ ਜਿਥੇ ਵੀ ਜਾਂਦੇ ਹਨ, ਭਗਤੀ ਦੀ ਮਹਿਕ ਨਾਲ ਲੈ ਕੇ ਜਾਂਦੇ ਹਨ।
- ਕੇਵਲ ਸੰਤ-ਮਹਾਂਪੁਰਸ਼ ਹੀ ਜਾਣਦੇ ਹਨ ਕਿ ਉਹਨਾਂ ਨੇ ਆਪਣੀ ਜਿੰਦਗੀ ਵਿਚ ਕਿਹੜਾ ਕੰਮ ਕਰਨਾ ਹੈ ਅਤੇ ਕਿਹੜਾ ਛੱਡ ਦੇਣਾ ਹੈ।
- ਸ਼ਾਂਤੀ ਅਤੇ ਪ੍ਰੇਮ ਦਾ ਸੰਦੇਸ਼ ਅਸੀਂ ਦੁਨੀਆਂ ਨੂੰ ਤਾਂ ਹੀ ਦੇ ਸਕਦੇ ਹਾਂ ਜੇ ਪਹਿਲਾਂ ਨਿਮਰਤਾ ਅਤੇ ਸਹਿਨਸ਼ੀਲਤਾ ਅਪਨਾਵਾਂਗੇ।

(ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ)

- ਡਰ, ਕ੍ਰੋਧ, ਲੋਭ, ਭੇਦ-ਭਾਵ, ਹੰਕਾਰ, ਆਲਸ ਅਤੇ ਨਫਰਤ ਵਰਗੇ ਅਵਗੁਣਾ ਨੂੰ ਛੱਡਣ ਵਿਚ ਕਦੇ ਦੇਰੀ ਨਹੀਂ ਕਰਨੀ ਚਾਹੀਦੀ।

(ਮਹਾਤਮਾ ਬੁੱਧ)

- ਉਤਮ ਸਿਖਿਆ ਜਿਥੋਂ ਵੀ ਮਿਲੇ , ਲੈ ਲੇਣ ਵਿਚ ਸੰਕੋਚ ਨਹੀ ਕਰਨਾਂ ਚਾਹੀਦਾ।

(ਚਾਣਕੀਯਾ)

- ਬੁਰੇ ਲੋਕਾਂ ਦੀ ਸੰਗਤ ਸਾਡੀਆਂ ਚੰਗੀਆਂ ਆਦਤਾਂ ਨੂੰ ਵੀ ਖਰਾਬ ਕਰ ਦਿੰਦੀ ਹੈ।

(ਬਾਈਬਲ)

- ਪਰਉਪਕਾਰ ਵਿਚ ਲੱਗੇ ਹੋਏ ਸੱਜਣ ਆਪਣੇ ਦੁੱਖ ਦੇ ਸਮੇਂ ਵੀ ਕਲਿਆਣਕਾਰੀ ਹੁੰਦੇ ਹਨ।

(ਬਾਣਭੱਟ)

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

❑ ਵਿਭਾ ਵਰਮਾ

# ਅਨਾਰ ਵਿਚ ਹਨ ਗੁਣ ਹਜ਼ਾਰ



**ਅਨਾਰ** ਫਲ ਤਾਂ ਹੈ ਹੀ ਪਰ ਇਸ ਦੀਆਂ ਪੱਤੀਆਂ , ਬੀਜ ਅਤੇ ਫੁੱਲ ਵੀ ਬਹੁਤ ਗੁਣਕਾਰੀ ਹੁੰਦੇ ਹਨ। ਆਉ ਇਸ ਦੀਆਂ ਕੁਝ ਗੁਣਕਾਰੀ ਗੱਲਾਂ ਜਾਣੀਏ –

1) ਅਨਾਰ ਦੇ ਰੁੱਖ ਦੀ ਲੱਕੜੀ ਦੇ ਇਲਾਵਾ ਇਸ ਦੀਆਂ ਸਭ ਚੀਜਾਂ ਦਵਾਈਆਂ ਦੇ ਨਿਰਮਾਣ ਵਿਚ ਕੰਮ ਆਉਂਦੀਆਂ ਹਨ।
2) ਅਨਾਰ ਦੇ ਫੁੱਲਾਂ ਨੂੰ ਛਾਂ ਵਿਚ ਸੁਕਾ ਕੇ ਬਰੀਕ ਪੀਸ ਕੇ ਇਸ ਨੂੰ ਮੰਜਨ ਦੀ ਤਰ੍ਹਾਂ ਤਿਆਰ ਕਰ ਕੇ ਦੰਦਾਂ ਤੇ ਲਾਉਣ ਨਾਲ ਦੰਦਾਂ ਵਿਚ ਮਜ਼ਬੂਤੀ ਆਉਂਦੀ ਹੈ। ਇਸ ਨਾਲ ਮਸੂੜਿਆਂ ਤੋਂ ਖ਼ੂਨ ਨਿਕਲਣਾ ਬੰਦ ਹੋ ਜਾਂਦਾ ਹੈ। ਖ਼ੂਨ ਦੇ ਨਾਲ–ਨਾਲ ਪੀਕ ਨਿਕਲਣਾ ਵੀ ਬੰਦ ਹੋ ਜਾਂਦਾ ਹੈ।
3) ਮੂੰਹ ਅਤੇ ਗਲੇ ਦੇ ਰੋਗਾਂ ਨੂੰ ਨਸ਼ਟ ਕਰਨ ਦੀ ਸ਼ਕਤੀ ਵੀ ਅਨਾਰ ਵਿਚ ਹੈ।
4) ਅਨਾਰਦਾਨਾ ਵੀ ਮਿੱਠੇ ਅਨਾਰ ਦਾ ਬੀਜ ਹੈ। ਅਨਾਰਦਾਨਾ ਵੀ ਖੱਟਾ–ਮਿੱਠਾ ਹੁੰਦਾ ਹੈ।
5) ਅਨਾਰ ਦੇ ਰਸ ਨੂੰ ਪਾਣੀ ਵਿਚ ਪਾ ਕੇ ਮੂੰਹ ਵਿਚ ਰੱਖਣ ਨਾਲ ਦੰਦ ਦਰਦ ਦੀ ਸ਼ਿਕਾਇਤ ਦੂਰ ਹੋ ਜਾਂਦੀ ਹੈ। ਇਸ ਤੋਂ ਮਸੂੜਿਆਂ ਦਾ ਵਿਕਾਰ ਵੀ ਨਸ਼ਟ ਹੋ ਜਾਂਦਾ ਹੈ।
6) ਅਨਾਰ ਦੇ ਛਿਲਕੇ ਨੂੰ ਦੁੱਧ ਵਿਚ ਉਬਾਲ ਕੇ ਪੀਣ ਨਾਲ ਖਾਂਸੀ ਖਤਮ ਹੋ ਜਾਂਦੀ ਹੈ। ■





ਪ੍ਰੇਰਕ ਪ੍ਰਸੰਗ – ਸੁਸ਼ਮਾ ਮੋਂਗਾ

# ਰੱਬ ਨਾਲ ਮੁਲਾਕਾਤ

ਇਕ ਛੋਟਾ ਬੱਚਾ ਰੱਬ ਨਾਲ ਮਿਲਣਾ ਚਾਹੁੰਦਾ ਸੀ। ਉਹ ਜਾਣਦਾ ਸੀ ਕਿ ਉਸ ਦੀ ਯਾਤਰਾ ਲੰਮੀ ਹੋਵੇਗੀ। ਇਸ ਕਰਕੇ ਉਸ ਨੇ ਆਪਣੇ ਬੈਗ ਵਿਚ ਚਿਪਸ ਦੇ ਪੈਕੇਟ ਤੇ ਪਾਣੀ ਦੀਆਂ ਬੋਤਲਾਂ ਰੱਖੀਆਂ ਤੇ ਯਾਤਰਾ ਲਈ ਚੱਲ ਪਿਆ।

ਉਹ ਆਪਣੇ ਘਰ ਤੋਂ ਕੁਝ ਹੀ ਦੂਰ ਪਹੁੰਚਿਆ ਹੋਵੇਗਾ ਕਿ ਉਹ ਦੀ ਨਜ਼ਰ ਇਕ ਬਜ਼ੁਰਗ ਸੱਜਣ ਤੇ ਪਈ ਜੋ ਪਾਰਕ ਵਿਚ ਕਬੂਤਰਾਂ ਦੇ ਝੁੰਡ ਨੂੰ ਦੇਖ ਰਿਹਾ ਸੀ। ਉਹ ਬਾਲਕ ਵੀ ਉਸ ਦੇ ਕੋਲ ਜਾ ਕੇ ਬੈਠ ਗਿਆ। ਕੁਝ ਦੇਰ ਬਾਅਦ ਉਸ ਨੇ ਪਾਣੀ ਦੀ ਬੋਤਲ ਕੱਢਣ ਲਈ ਆਪਣਾ ਬੈਗ ਖੋਲ੍ਹਿਆ। ਉਸ ਨੂੰ ਲੱਗਾ ਕਿ ਉਹ ਬਜ਼ੁਰਗ ਸੱਜਣ ਵੀ ਭੁੱਖਾ ਹੈ। ਉਸ ਨੇ ਉਹਨੂੰ ਕੁਝ ਚਿਪਸ ਦਿੱਤੇ। ਉਹਨੇ ਚਿਪਸ ਲੈਂਦੇ ਹੋਏ ਬਾਲਕ ਵੱਲ ਮੁਸਕਰਾ ਕੇ ਦੇਖਿਆ। ਬਾਲਕ ਨੂੰ ਬਜ਼ੁਰਗ ਦੀ ਮੁਸਕਰਾਹਟ ਬੇਹੱਦ ਅੱਛੀ ਲੱਗੀ।

ਬਾਲਕ ਨੇ ਸੋਚਿਆ – ਇਸ ਨੂੰ ਪਿਆਸ ਵੀ ਲੱਗੀ ਹੋਵੇਗੀ, ਇਸ ਲਈ ਉਸ ਨੇ ਉਹਨੂੰ ਪਾਣੀ ਦੀ ਬੋਤਲ ਵੀ ਪੇਸ਼ ਕੀਤੀ। ਬਜ਼ੁਰਗ ਸੱਜਣ ਨੇ ਪਾਣੀ ਲੈਂਦੇ ਹੋਏ ਫਿਰ ਮੁਸਕੁਰਾ ਕੇ ਉਸ ਵੱਲ ਦੇਖਿਆ।

ਬਾਲਕ ਇਹ ਦੇਖ ਕੇ ਬਹੁਤ ਖੁਸ਼ ਹੋਇਆ। ਇਸ ਤੋਂ ਬਾਅਦ ਉਹ ਪੂਰੀ ਦੁਪਹਿਰ ਸਾਥ-ਸਾਥ ਬੈਠੇ ਰਹੇ। ਬਾਲਕ ਉਹਨੂੰ ਸਮੇਂ-ਸਮੇਂ ਤੇ ਪਾਣੀ ਅਤੇ ਚਿਪਸ ਦਿੰਦਾ ਰਿਹਾ। ਬਦਲੇ ਵਿਚ ਉਹਨੂੰ ਉਸ ਦੀ ਮੁਸਕੁਰਾਹਟ ਮਿਲਦੀ ਰਹੀ।

ਹੁਣ ਸ਼ਾਮ ਹੋਣ ਨੂੰ ਆਈ ਸੀ। ਬਾਲਕ ਨੂੰ ਵੀ ਥਕਾਨ ਹੋਣ ਲੱਗੀ ਸੀ। ਉਸ ਨੇ ਸੋਚਿਆ ਕਿ ਘਰ ਚਲਣਾ ਚਾਹੀਦਾ ਹੈ।

ਉਹ ਉਠਿਆ ਅਤੇ ਘਰ ਵੱਲ ਚੱਲਣ ਲੱਗਾ। ਕੁਝ ਕਦਮ ਚੱਲਣ ਦੇ ਬਾਅਦ ਉਹ ਰੁਕਿਆ ਅਤੇ ਪਲਟ ਕੇ ਦੌੜਦਾ ਹੋਇਆ ਬੁੱਢੇ ਦੇ ਕੋਲ ਆਇਆ। ਉਸ ਨੇ ਬੁੱਢੇ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। ਬਦਲੇ ਵਿਚ ਬੁੱਢੇ ਨੇ ਆਪਣੇ ਬੁੱਲਾਂ ਤੇ ਹੋਰ ਵੀ ਵੱਡੀ ਮੁਸਕੁਰਾਹਟ ਲਿਆਂਦੇ ਹੋਏ ਉਸ ਦਾ ਧੰਨਵਾਦ ਕੀਤਾ।

ਕੁਝ ਦੇਰ ਬਾਅਦ ਉਹ ਬਾਲਕ ਆਪਣੇ ਘਰ ਸੀ। ਉਸ ਦੀ ਮਾਂ ਨੇ ਦਰਵਾਜ਼ਾ ਖੋਲ੍ਹਿਆ ਅਤੇ

ਉਸਦੇ ਬੁੱਲਾਂ ਤੇ ਖਿੜੀ ਮੁਸਕੁਰਾਹਟ ਦੇਖ ਕੇ ਪੁੱਛਣ ਲੱਗੀ –

ਅੱਜ ਤੂੰ ਕੀ ਵੇਖਿਆ ਹੈ, ਜੋ ਐਨਾ ਖੁਸ਼ ਹੈਂ? ਬਾਲਕ ਨੇ ਜੁਆਬ ਦਿੱਤਾ – ਅੱਜ ਮੈਂ ਰੱਬ ਨਾਲ ਲੰਚ ਕੀਤਾ। ਇਸ ਤੋਂ ਪਹਿਲਾਂ ਕਿ ਮਾਂ ਕੁਝ ਹੋਰ ਪੁੱਛਦੀ, ਉਹ ਫਿਰ ਬੋਲਿਆ, – ਤੈਨੂੰ ਪਤਾ ਹੈ ਮਾਂ? ਉਹਦੇ ਵਰਗੀ ਮੁਸਕਰਾਹਟ ਮੈਂ ਅੱਜ ਤਕ ਨਹੀਂ ਦੇਖੀ।

ਉਧੱਰ ਉਹ ਬਜ਼ੁਰਗ ਸੱਜਣ ਵੀ ਆਪਣੇ ਘਰ ਪਹੁੰਚਿਆ, ਉਹਦੇ ਬੇਟੇ ਨੇ ਦਰਵਾਜ਼ਾ ਖੋਲ੍ਹਿਆ।

ਬੇਟਾ ਆਪਣੇ ਪਿਤਾ ਦੇ ਚੇਹਰੇ ਤੇ ਸ਼ਾਂਤੀ ਤੇ ਸੰਤੁਸ਼ਟੀ ਦੇ ਭਾਵ ਦੇਖ ਕੇ ਪੁੱਛਣ ਲੱਗਾ – ਅੱਜ ਆਪ ਨੇ ਐਸਾ ਕੀ ਵੇਖਿਆ ਜੋ ਐਨੇ ਖੁਸ਼ ਲੱਗ ਰਹੇ ਹੋ?

ਇਸ ਤੇ ਉਸ ਨੇ ਜੁਆਬ ਦਿੱਤਾ – ਮੈਂ ਪਾਰਕ ਵਿਚ ਰੱਬ ਦੇ ਨਾਲ ਚਿਪਸ ਖਾਧੇ।

ਇਸ ਤੋਂ ਪਹਿਲਾਂ ਕਿ ਬੇਟਾ ਕੁਝ ਹੋਰ ਕਹਿੰਦਾ, ਉਹ ਅੱਗੇ ਬੋਲਿਆ, ਤੈਨੂੰ ਪਤਾ ਹੈ? ਮੇਰੀ ਸੋਚ ਦੇ ਅਨੁਸਾਰ ਰੱਬ ਕਿੰਨੀ ਛੋਟੀ ਉਮਰ ਦਾ ਵੀ ਹੁੰਦਾ ਹੈ।

ਪਿਆਰੇ ਬੱਚਿਉ ! ਇਸ ਕਹਾਣੀ ਦਾ ਨਤੀਜਾ ਇਹ ਨਿਕਲਦਾ ਹੈ ਕਿ ਮੁਸਕਰਾਉਣ ਨਾਲ ਆਪਣੇ ਪੱਲੇ ਤੋਂ ਕੁਝ ਵੀ ਖਰਚ ਨਹੀਂ ਹੁੰਦਾ। ਇਸ ਦੇ ਉਲਟ ਜਿਸ ਵਲ ਮੁਸਕਰਾ ਕੇ ਦੇਖਿਆ ਜਾਂਦਾ ਹੈ ਉਹ ਇਸ ਤੋਂ ਵੀ ਵੱਧ ਖੁਸ਼ੀ ਮਹਿਸੂਸ ਕਰਦਾ ਹੈ।

ਮੁਸਕਰਾਹਟ ਖਰੀਦੀ ਨਹੀਂ ਜਾ ਸਕਦੀ, ਉਧਾਰ ਨਹੀਂ ਮੰਗੀ ਜਾ ਸਕਦੀ ਅਤੇ ਇਸ ਨੂੰ ਚੋਰੀ ਵੀ ਨਹੀਂ ਕੀਤਾ ਜਾ ਸਕਦਾ।

ਮੁਸਕੁਰਾਉਣ ਦੇ ਮਹੱਤਵ ਨੂੰ ਸਮਝਦੇ ਹੋਏ ਮੁਸਕੁਰਾਉ। ਕਿਸੇ ਨੂੰ ਇਸ ਤੋਂ ਜਿਆਦਾ ਕੀ ਚਾਹੀਦਾ ਹੈ ਕਿ ਕੋਈ ਉਸ ਨੂੰ ਮਿਲ ਕੇ ਮੁਸਕੁਰਾਏ। ਕਿਸੇ ਵੱਲ ਮੁਸਕੁਰਾ ਕੇ ਦੇਖਣ ਨਾਲ ਸਾਡਾ ਕੁਝ ਨਹੀਂ ਘਟਦਾ ਸਗੋਂ ਸੰਤੁਸ਼ਟੀ ਤੇ ਪ੍ਰਸੰਨਤਾ ਹੀ ਮਹਿਸੂਸ ਹੁੰਦੀ ਹੈ।

❑ ਕਿਰਣ ਬਾਲਾ

# ਮੁਰਗੀ ਵੀ ਬਦਲਦੀ ਹੈ ਆਪਣਾ ਰੰਗ



ਪਿਆਰੇ ਬੱਚਿਉ !

ਮੁਰਗੀਆਂ ਤਾਂ ਤੁਸੀਂ ਕਈ ਵੇਖੀਆਂ ਹੋਣਗੀਆਂ ਪਰ ਕੀ ਰੰਗ ਬਦਲਣ ਵਾਲੀ ਮੁਰਗੀ ਕਦੀ ਦੇਖੀ ਜਾਂ ਸੁਣੀ ਹੈ? ਜੀ ਹਾਂ ਇਹ ਅਨੋਖੀ ਮੁਰਗੀ ਕੇਰਲ ਦੇ ਮੁੱਕੋਲਾ ਪਿੰਡ ਦੇ ਕਿਸਾਨ ਸੇਲਵਾਰਾਜ ਦੇ ਕੋਲ ਹੈ। ਇਹ ਮੁਰਗੀ ਕਾਲੀ ਹੈ ਪਰ ਇਹ ਚਾਰ ਵਾਰੀ ਆਪਣਾ ਰੰਗ ਬਦਲ ਚੁੱਕੀ ਹੈ। 2009 ਵਿਚ ਤਾਂ ਇਹ ਦੋ ਵਾਰੀ ਸਫੇਦ-ਸਾਂਵਲੀ ਬਣ ਗਈ ਸੀ। 2010 ਵਿਚ ਇਹ ਸਫੇਦ ਹੋ ਗਈ।

ਪਹਿਲੀ ਵਾਰ ਜਦ ਇਸ ਨੇ ਅੰਡੇ ਦਿੱਤੇ ਤਾਂ ਇਸ ਦੇ ਖੰਭਾਂ ਦਾ ਰੰਗ ਬਦਲ ਗਿਆ ਸੀ। ਫਿਰ ਇਕ ਸਾਲ ਵਿਚ ਇਹ ਕਾਲੀ ਮੁਰਗੀ ਇਕਦਮ ਸਫੇਦ ਹੋ ਗਈ। ਰੰਗ ਬਦਲਣ ਕਰਕੇ ਇਸ ਦੀ ਸਿਹਤ ਤੇ ਕੋਈ ਅਸਰ ਪੈਂਦਾ ਦਿਖਾਈ ਨਹੀਂ ਦਿੰਦਾ। ਕਿਸਾਨ ਸੇਲਵਾਰਾਜ ਦਾ ਕਹਿਣਾ ਹੈ ਕਿ ਇਸ ਦੇ ਚੂਜ਼ੇ ਵਿਚ ਵੀ ਮਾਂ ਦੇ ਗੁਣ ਪਾਏ ਜਾਂਦੇ ਹਨ।


ਵਾਰ-ਵਾਰ ਰੰਗ ਬਦਲਣ ਵਾਲੀ ਇਹ ਮੁਰਗੀ ਜਨਤਾ ਦੇ ਨਾਲ-ਨਾਲ ਵਿਗਿਆਨਕਾਂ ਲਈ ਵੀ ਇਕ ਖੋਜ ਦਾ ਵਿਸ਼ਾ ਬਣ ਚੁਕੀ ਹੈ। ਪਸ਼ੂ ਵਿਗਿਆਨੀ ਇਸ ਗੱਲ ਦਾ ਅਧਿਅਨ ਕਰ ਰਹੇ ਹਨ। ਉਹਨਾਂ ਲਈ ਵੀ ਇਹ ਇਸ ਢੰਗ ਦਾ ਪਹਿਲਾ ਮਾਮਲਾ ਹੈ। ਡਾ. ਐਮੇਨ ਵੀ 2008 ਤੋਂ ਇਸ ਮੁਰਗੀ ਦਾ ਅਧਿਅਨ ਕਰ ਰਹੇ ਹਨ। ਇਸ ਦੇ ਖੂਨ ਅਤੇ ਹਾਰਮੋਨ ਦਾ ਵੀ ਅਧਿਅਨ ਕਰ ਰਹੇ ਹਨ। ਇਸ ਮੁਰਗੀ ਵਿਚ ਫੀਮੇਲ ਸੈਕਸ ਹਾਰਮੋਨ (ਐਸਟ੍ਰੋਜ਼ੋਨ) ਦੀ ਗਿਣਤੀ ਅਧਿਕ ਪਾਈ ਗਈ ਹੈ। ਇਹ ਵੀ ਰੰਗ ਬਦਲਣ ਦਾ ਇਕ ਕਾਰਣ ਮੰਨਿਆ ਜਾ ਸਕਦਾ ਹੈ। ਮੁਰਗੀ ਦੇ ਚੂਜ਼ਿਆਂ ਦਾ ਵੀ ਅਧਿਅਨ ਕੀਤਾ ਜਾ ਰਿਹਾ ਹੈ। ਬਨਾਰਸ ਹਿੰਦੂ ਯੂਨੀਵਰਸਿਟੀ ਦੇ ਮਾਹਿਰ ਵੀ ਇਸ ਅਧਿਅਨ ਵਿਚ ਲੱਗੇ ਹਨ। ਜੀਵ ਵਿਗਿਆਨਕਾਂ ਦਾ ਕਹਿਣਾ ਹੈ ਕਿ ਇਹ ਇਕ ਅਸਾਧਾਰਣ ਮੁਰਗੀ ਹੈ।





# ਦਾਦਾ ਜੀ

ਚਿੱਤਰਕਾਰ ਅਤੇ ਲੇਖਕ :
ਅਜੈ ਕਾਲੜਾ




ਇਸ ਵਿਚ ਮੈਂ ਕੀ ਕਰ ਸਕਦਾ ਹਾਂ? ਤੂੰ ਤਾਂ ਮੇਰੇ ਤੋਂ ਵੱਧ ਮਜ਼ਬੂਤ ਹੈ। ਮੈਂ ਤਾਂ ਕਮਜ਼ੋਰ ਹਾਂ।
ਜੇਕਰ ਹਵਾ ਬਹੁਤ ਤੇਜ਼ ਚਲਣ ਲਗੀ ਤਾਂ ਇਹ ਨੁਕਸਾਨਦਾਇਕ ਸਿੱਧ ਹੋ ਸਕਦੀ ਹੈ। ਸਾਨੂੰ ਹਵਾ ਦੀ ਤਾਕਤ ਦਾ ਸਨਮਾਨ ਕਰਨਾ ਚਾਹੀਦਾ ਹੈ ਨਹੀਂ ਤਾਂ ...
ਬਾਂਸ ਦਾ ਰੁੱਖ ਅਪਣੀ ਗੱਲ ਪੂਰੀ ਵੀ ਨਹੀਂ ਕਰ ਸਕਿਆ ਸੀ, ਤਦ ਪਿੱਪਲ ਦਾ ਰੁੱਖ ਬੋਲ ਪਿਆ...
ਕਿਸੇ ਵੀ ਪ੍ਰਕਾਰ ਦੀ ਹਵਾ ਮੇਰਾ ਕੁਝ ਨਹੀਂ ਵਿਗਾੜ ਸਕਦੀ। ਮੇਰੇ ਵਿਚ ਬਹੁਤ ਤਾਕਤ ਹੈ। ਮੇਰੀਆਂ ਜੜ੍ਹਾਂ ਦੂਰ-ਦੂਰ ਤਕ ਫੈਲੀਆਂ ਹਨ, ਮੈਂ ਕਦੇ ਡਿੱਗ ਨਹੀਂ ਸਕਦਾ।


ਉਸ ਸਮੇਂ ਚਲ ਰਹੀ ਹਵਾ ਨੇ ਪਿੱਪਲ ਅਤੇ ਬਾਂਸ ਦੇ ਵਿਚਕਾਰ ਚਲ ਰਹੀ ਗੱਲ ਨੂੰ ਸੁਣ ਲਿਆ।
ਹਵਾ ਗੁੱਸੇ ਵਿਚ ਆ ਗਈ ਅਤੇ ਪਿੱਪਲ ਦੇ ਰੁੱਖ ਨਾਲ ਟਕਰਾ ਕੇ ਅੱਗੇ ਨਿਕਲ ਗਈ। ਕੁਝ ਦੇਰ ਬਾਅਦ ਹਵਾ ਤੇਜ਼ ਗਤੀ ਨਾਲ ਆਈ ਅਤੇ ਤੂਫਾਨ ਬਣ ਗਈ। ਤੂਫਾਨੀ ਹਵਾ ਦੇ ਕਾਰਨ ਬਾਂਸ ਦਾ ਰੁੱਖ ਝੁਕ ਗਿਆ।
ਤੂਫਾਨੀ ਹਵਾ ਪਿੱਪਲ ਦੇ ਰੁੱਖ ਨਾਲ ਟਕਰਾ ਗਈ ਲੇਕਿਨ ਪਿੱਪਲ ਦਾ ਰੁੱਖ ਉਵੇਂ ਦਾ ਉਵੇਂ ਖੜਾ ਰਿਹਾ।


ਹਵਾ ਨੇ ਫਿਰ ਆਪਣੀ ਗਤੀ ਨੂੰ ਤੇਜ਼ ਕੀਤਾ ਅਤੇ ਜਾ ਕੇ ਜੜ੍ਹਾਂ ਨਾਲ ਟਕਰਾਈ। ਇਸ ਟੱਕਰ ਨਾਲ ਜੜ੍ਹਾਂ ਹਿੱਲ ਗਈਆਂ।
ਰੁੱਖ ਦੀਆਂ ਜੜਾਂ ਨੇ ਤੂਫਾਨੀ ਹਵਾ ਤੋਂ ਬਚਣ ਦੀ ਬਹੁਤ ਕੋਸ਼ਿਸ਼ ਕੀਤੀ ਲੇਕਿਨ ਰੁੱਖ ਡਿੱਗ ਹੀ ਗਿਆ।
ਪਿੱਪਲ ਦੇ ਰੁੱਖ ਦਾ ਇਹ ਹਾਲ ਵੇਖ ਕੇ ਬਾਂਸ ਦਾ ਰੁੱਖ ਦੁਖੀ ਮਨ ਨਾਲ ਸੋਚਣ ਲੱਗਾ।
ਆਖਿਰਕਾਰ ਪਿੱਪਲ ਦੇ ਰੁੱਖ ਦਾ ਅੰਤ ਹੋ ਹੀ ਗਿਆ। ਕਾਸ਼ ! ਉਸ ਨੇ ਮੇਰਾ ਕਿਹਾ ਮੰਨਿਆ ਹੁੰਦਾ ਅਤੇ ਹਵਾ ਦਾ ਸਨਮਾਨ ਕੀਤਾ ਹੁੰਦਾ।
ਬੱਚਿਉ ! ਹੰਕਾਰ ਸਭ ਤੋਂ ਵੱਡਾ ਦੁਸ਼ਮਣ ਹੁੰਦਾ ਹੈ। ਸਾਨੂੰ ਹੰਕਾਰ ਤੋਂ ਹਰ ਹਾਲ ਵਿਚ ਬਚਣਾ ਚਾਹੀਦਾ ਹੈ।

# ਬੁੱਧੀ ਦੀ ਪਰਖ

## ਅੰਤਰ ਪਛਾਣੋਂ - - -

ਦੋਹਾਂ ਚਿਤੱਰਾਂ ਵਿਚੋਂ ਕਿੰਨ੍ਹੇ ਅੰਤਰ ਲੱਭ ਸਕਦੇ ਹੋ?





kids Nirankari
spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



**Registered with the**
**Registrar of Newspaper**
**For India Under RNI No. 32345/77**

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

ਸੰਤ ਨਿਰੰਕਾਰੀ (ਗਿਆਰਾਂ ਭਾਸ਼ਾਵਾਂ ਵਿਚ) | ਏਕ ਨਜ਼ਰ (ਤਿੰਨ ਭਾਸ਼ਾਵਾਂ ਵਿਚ) | ਹੰਸਤੀ ਦੁਨੀਆ (ਚਾਰ ਭਾਸ਼ਾਵਾਂ ਵਿੱਚ)

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879

**GUJRATI**
Sant Nirankari Satsang Bhawan, 31, Pratapganj, VADODARA-390002 (Guj.) Ph. 0285-275068

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BELGURU-560 004 (Karnataka) Ph. 080-26577212

**BANGLA**
Sant Nirankari Satsang Bhawan, 1-D, Nazar Ali Lane, Near Beck Bagan, KOLKATA-700 019 Ph. 033-22871658

## ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)